ISSN 0972-2335

# ਅੰਮ੍ਰਿਤ ਕੀਰਤਨ



ਮਈ 2023

ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਇੱਕ ਦਿਲ ਤੇ ਲੱਗਣ ਹਜ਼ਾਰ ਚੋਟਾਂ

ਇਕ ਚਿੱਤ ਦੁਖੀ ਪ੍ਰਦੇਸ ਵੱਲੋਂ,
ਦੂਜਾ ਮਿਤਰਾਂ ਦਾ ਨਾਮੋ ਨਿਸ਼ਾਨ ਕੋਈ ਨਹੀਂ।

ਦੋ ਦਿਨਾਂ ਲਈ ਦਿਲ ਨਾ ਕਦੇ ਮਿਲਦੇ,
ਜਦੋਂ ਜਾਨ ਇਕ ਨੂੰ ਇਕ ਜਾਨ ਕੋਈ ਨਹੀਂ।

ਬਿਨਾਂ ਸ਼ਰਧਾ ਤੋਂ ਜਗ ਤੇ ਸੰਕਲਪ ਕਰਨਾਂ,
ਬਿਨਾਂ ਪ੍ਰੇਮ ਦੇ ਇਹ ਭੀ ਦਾਨ ਕੋਈ ਨਹੀਂ ।

ਦੂਰ ਬੈਠਿਆਂ ਚਿੱਠੀ ਇਕ ਘੱਲ ਦੇਣਾ,
ਜੱਗ ਰਖਣਾ ਇਹ ਭੀ ਅਹਿਸਾਨ ਕੋਈ ਨਹੀਂ।

ਤੁਸੀਂ ਦੂਰ ਬੈਠੇ, ਅਸੀਂ ਹਾਂ ਇੱਥੇ,
ਹਾਏ ਲਗਦੀਆਂ ਨੇ ਮਾਰੋ ਮਾਰ ਚੋਟਾਂ।

ਦੁੱਖ ਦਿਲਾਂ ਦੇ ਕਿਸਨੂੰ ਫੋਲ ਦਸੀਏ,
ਇੱਕ ਦਿਲ ਤੇ ਲਗਣ ਹਜ਼ਾਰ ਚੋਟਾਂ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhr V 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

ਕਵਿਤਾ- ਇੱਕ ਦਿਲ ਤੇ ਲੱਗਣ ਹਜ਼ਾਰ ਚੋਟਾਂ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ -
ਵੈਸਾਖੀ ਪੁਰਬ ਸਬੰਧੀ ਮੇਰੇ ਕੀਰਤਨ 2
ਸੰਵੇਦਨਸ਼ੀਲ ਸ਼ਖਸੀਅਤ-ਡਾਕਟਰ ਤ੍ਰਿਲੋਚਨ ਸਿੰਘ ਤਰਸੀ 4
ਸਲੀਕੇ ਦਾ ਸਿਰਨਾਵਾਂ - ਮਨਮੋਹਨ ਸਿੰਘ ਦਾਊਂ 5

ਜਨਮ ਸਾਖੀ ਚਿੱਤਰਾਂ ਵਿੱਚ ਭਾਈ ਮਰਦਾਨੇ ਦੇ ਨਾਲ-ਨਾਲ
ਤੁਰਦਿਆਂ- ਡਾ. ਜਸਵਿੰਦਰ ਸਿੰਘ ਭੁੱਲਰ 6

ਪੁਸਤਕ ਰੀਵਿਊ-ਬਾਬੇ ਤਾਰੇ ਚਾਰਿ ਚਕਿ
ਪ੍ਰੋ. ਨਵ ਸੰਗੀਤ ਸਿੰਘ 18
ਕਵਿਤਾ ਲੀਲਾ
- ਮਨਮੋਹਨ ਸਿੰਘ ਦਾਊਂ 20
ਕਵਿਤਾ --ਨਾਨਕ ਦਾ ਆਗਮਨ
- ਮਨਮੋਹਨ ਸਿੰਘ ਦਾਊਂ ਟਾ-3

Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

## ਕਰਉ ਬੇਨੰਤੀਆ

# ਵੈਸਾਖੀ ਪੁਰਬ ਸਬੰਧੀ ਮੇਰੇ ਕੀਰਤਨ

ਵਿਸਾਖੀ ਪੁਰਬ ਤੇ ਮੈਂ ਚੰਡੀਗੜ੍ਹ ਦੇ ਨਾਲ ਨਾਲ ਮੁੰਬਈ,ਦਿੱਲੀ,ਭੁਪਾਲ ਆਦਿ ਸ਼ਹਿਰਾਂ ਵਿੱਚ ਕੀਰਤਨ ਕਰਨ ਲਈ ਗਿਆ ਹਾਂ। ਭੁਪਾਲ ਤਾਂ ਦੋ ਵਾਰ ਗਿਆ ਹਾਂ। ਇਥੇ ਟੀ ਟੀ ਨਗਰ ਦੇ ਪ੍ਰਬੰਧਕਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਚੰਗੇ ਰਾਗੀ ਜਥੇ ਦੇ ਨਾਲ ਨਾਲ ਉੱਚ ਕੋਟੀ ਦੇ ਵਿਦਵਾਨ ਨੂੰ ਵੀ ਬੁਲਾਉਂਦੇ ਹਨ। ਇਹਨਾਂ ਦੋ ਪੁਰਬਾਂ ਤੇ ਇੱਕ ਵਾਰ ਡਾ. ਜੋਧ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਤੇ ਇੱਕ ਵਾਰ ਡਾ. ਜਸਵੰਤ ਸਿੰਘ ਨੇਕੀ ਨੂੰ ਬੁਲਾਇਆ ਸੀ। ਉਹਨਾਂ ਦੇ ਲੈਂਕਚਰ ਅਤੇ ਸਮੇਂ ਸਮੇਂ ਉਹਨਾਂ ਨਾਲ ਵਿਚਾਰ ਵਟਾਂਦਰੇ ਤੋਂ ਕਾਫੀ ਕੁਝ ਸਿੱਖਿਆ ਸੀ।

ਮੇਰਾ ਵਿਸਾਖੀ ਤੇ ਕੀਰਤਨ ਕਰਨ ਦਾ ਨਜ਼ਰੀਆ ਕੁਝ ਵੱਖਰਾ ਹੁੰਦਾ ਹੈ। ਮੈਂ ਇਸ ਸਮੇਂ ਆਮ ਪ੍ਰਚਲਾਤ ਸ਼ਬਦ 'ਖਾਲਸਾ ਮੇਰੋ ਰੂਪ ਹੈ ਖਾਸ', 'ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ" ਜਾਂ ਇਤਿਹਾਸ ਨਾਲ ਸਬੰਧਤ ਸ਼ਬਦਾਂ ਦੇ ਨਾਲ ਕੁਝ ਹੋਰ ਸ਼ਬਦ ਵੀ ਗਾਇਨ ਕਰਦਾ ਹਾਂ।ਮੈਂ ਕੁਝ ਇਸ ਤਰ੍ਹਾਂ ਦਾ ਕੀਰਤਨ ਕਰਨ ਦੀ ਕੋਸ਼ਿਸ਼ ਕਰਦਾ ਹਾਂ ਕਿ ਅੱਜ ਦਾ ਖਾਲਸਾ ਅਜੋਕੇ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰ ਸਕੇ।

ਮੈਂ ਭੁਪਾਲ ਵਾਲੀ ਵਿਸਾਖੀ ਦੇ ਸਮਾਗਮਾਂ ਤੇ ਮੈਂ ਕੁਝ ਇਸ ਤਰ੍ਹਾਂ ਸ਼ਬਦ ਗਾਇਨ ਕੀਤੇ-

ਅੰਮ੍ਰਿਤ ਸਦਾ ਵਰਸਦਾ ਬੂਝਨਿ ਬੂਝਨਿਹਾਰ॥
ਗੁਰਮੁਖਿ ਜਿਨ੍ਹੀ ਬੁਝਿਆ ਅੰਮ੍ਰਿਤ ਰਖਿਆ ਉਰਿ ਧਾਰਿ॥
ਹਰਿ ਅੰਮ੍ਰਿਤ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥

ਇਸ ਸ਼ਬਦ ਦੀ ਵਿਆਖਿਆ ਕਰਦਿਆਂ ਮੈਂ ਇਸ ਗੱਲ ਤੇ ਜ਼ੋਰ ਦਿੰਦਾ ਸਾਂ ਕਿ ਜਿਹੜਾ ਅੰਮ੍ਰਿਤ ਖਾਲਸੇ ਨੂੰ ਛਕਾਇਆ ਗਿਆ ਉਸ ਨੂੰ ਛਕਣ ਲਈ ਸਿਰ ਦੇਣਾ ਪੈਂਦਾ ਹੈ ਭਾਵ ਆਪਣੀ ਹਉਮੈਂ ਅਤੇ ਨਿਜੀ ਖਾਹਿਸ਼ਾਂ ਨੂੰ ਤਿਆਗਣਾ ਪੈਂਦਾ ਹੈ। ਇਸੇ ਤਰਾਂ ਗੁਰਬਾਣੀ ਵਿੱਚ ਵੀ ਜਿਸ ਅੰਮ੍ਰਿਤ ਦੀ ਗੱਲ ਕੀਤੀ ਗਈ ਉਸ ਨੂੰ ਪੀਣ ਲਈ ਵੀ ਹਉਮੈ ਅਤੇ ਤ੍ਰਿਸਨਾ ਨੂੰ ਮਾਰਨਾ ਪੈਂਦਾ ਹੈ-

ਹਰਿ ਅੰਮ੍ਰਿਤ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥

ਇਸ ਦੇ ਨਾਲ ਨਾਲ ਸੁਖਮਨੀ ਸਾਹਿਬ ਵਿੱਚੋਂ ਇੱਕ ਪਉੜੀ ਦਾ ਗਾਇਨ ਕਰਦਾ ਹਾਂ-

ਇਸ ਗਾਇਨ ਵਿੱਚ ਸਥਾਈਹੁੰਦੀ ਹੈ-

ਨਿਰਮਲ ਰਸਨਾ ਅੰਮ੍ਰਿਤ ਪੀਓ॥
ਸਦਾ ਸੁਹੇਲਾ ਕਰ ਲੈ ਜੀਓ॥

ਪਰ ਸਮੁੱਚੀ ਪਉੜੀ ਇਸ ਪ੍ਰਕਾਰ ਹੈ-

ਉਸਤਤਿ ਮਨ ਮਹਿ ਕਰਿ ਨਿਰੰਕਾਰ॥ ਕਰਿ ਮਨ ਮੇਰੇ ਸਤਿ ਬਿਉਹਾਰ॥
ਨਿਰਮਲ ਰਸਨਾ ਅੰਮ੍ਰਿਤ ਪੀਉ॥ ਸਦਾ ਸੁਹੇਲਾ ਕਰਿ ਲੇਹਿ ਜੀਉ॥
ਨੈਨਹੁ ਪੇਖੁ ਠਾਕੁਰ ਕਾ ਰੰਗੁ॥ ਸਾਧ ਸੰਗਿ ਬਿਨਸੈ ਸਭ ਸੰਗੁ॥
ਚਰਨ ਚਲਉ ਮਾਰਗਿ ਗੋਬਿੰਦ॥ ਮਿਟਹਿ ਪਾਪ ਜਪੀਐ ਹਰਿ ਬਿੰਦ॥
ਕਰ ਹਰਿ ਕਰਮ ਸ੍ਰਵਨਿ ਹਰਿ ਕਥਾ॥ ਹਰਿ ਦਰਗਹ ਨਾਨਕ ਊਜਲ ਮਥਾ॥

ਇਸ ਪਉੜੀ ਨੂੰ ਸ਼ਬਦ ਰੂਪ ਵਿੱਚ ਗਾਇਨ ਕਰਦਿਆਂ ਮੈਂ 'ਚਰਨ ਚਲਉ ਮਾਰਗਿ ਗੋਬਿੰਦ'॥ ਤੁਕ ਨਾਲ ਸਬੰਧਤ ਕੁਝ ਪ੍ਰਮਾਣ ਦਿੰਦਾ ਹਾਂ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

--------------

ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥

ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮਾਰਿ ਸਵੇਰਾ॥

-----------------------

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥

----------------------

ਮੇਰਾ ਵਿਚਾਰ ਹੈ ਕਿ ਅੰਮ੍ਰਿਤ ਛਕਣਾ ਅਤੇ ਖਾਲਸਾ ਸਜਣਾ ਸਿੱਖੀ ਮਾਰਗ ਦੀ ਉੱਚਤਮ ਅਵਸਥਾ ਹੈ। ਜਿਹਨਾਂ ਪਿਆਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਉਹਨਾਂ ਨੇ ਲਬ ਲੋਭ ਅਹੰਕਾਰ ਆਦਿ ਵਿਕਾਰਾਂ ਤੇ ਕਾਬੂ ਪਾਇਆ ਹੋਇਆ ਸੀ। ਉਹਨਾਂ ਦੇ ਮਨ ਵਿੱਚ ਗੁਰਬਾਣੀ ਦੇ ਸਿਧਾਂਤ ਪੂਰੀ ਤਰ੍ਹਾਂ ਮਨ ਵਿੱਚ ਵੱਸੇ ਹੋਏ ਸਨ ਤਾਂ ਹੀ ਉਹ ਆਪਣਾ ਸੀਸ ਅਰਪਣ ਕਰਨ ਦੀ ਜੁਅਰਤ ਦਿਖਾ ਸਕੇ।

ਅਤੇ ਭਗਤ ਕਬੀਰ ਜੀ ਦੀ ਬਾਣੀ ਵੀ ਕੁਝ ਬਿਆਨ ਕਰਦੀ ਹੈ-

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਜਿਹਨਾਂ ਦੇ ਮਨ ਵਿੱਚ ਪ੍ਰੇਮ ਅਤੇ ਦੀਨ ਲਈ ਜੂਝ ਮਰਨ ਦੀ ਇੱਛਾ ਹੁੰਦੀ ਹੈ ਉਹੀ ਅੰਮ੍ਰਿਤ ਦੇ ਪਾਤਰ ਬਣ ਸਕਦੇ ਹਨ।

ਅਜੋਕੇ ਯੁਗ ਵਿੱਚ ਅੰਮ੍ਰਿਤ ਛਕਣ ਅਤੇ ਸ਼ਸਤਰ ਧਾਰਨ ਕਰਨ ਲਈ ਜ਼ਰੂਰੀ ਹੈ ਅੰਮ੍ਰਿਤ ਅਭਿਲਾਖੀ ਗੁਰਬਾਣੀ ਦੇ ਸਿਧਾਂਤਾਂ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਣ। ਇਹ ਇਸ ਤਰ੍ਹਾਂ ਹੀ ਜਿਵੇਂ ਅਸੀਂ ਉਹਨਾਂ ਡਾਕਟਰਾਂ ਨੂੰ ਸਰਜਰੀ ਕਰਨ ਦੀ ਅਨੁਮਤੀ ਦਿੰਦੇ ਹਾਂ ਜਿਹਨਾਂ ਐਮ. ਬੀ. ਬੀ. ਐਸ. ਅਤੇ ਸਰਜਰੀ ਦੀ ਵਿਧੀਵੱਤ ਯੋਗਤਾ ਹਾਸਲ ਕੀਤੀ ਹੁੰਦੀ ਹੈ।ਅਯੋਗ ਡਾਕਟਰ ਮਰੀਜ਼ ਦਾ ਨੁਕਸਾਨ ਹੀ ਕਰੇਗਾ। ਇਸੇ ਤਰ੍ਹਾਂ ਉਹ ਸ਼ਖਸ ਜਿਹੜਾ ਗੁਰਬਾਣੀ ਦੇ ਸਿਧਾਂਤਾਂ ਪ੍ਰਤੀ ਸਮਰਪਿਤ ਨਹੀਂ ਅਤੇ ਵੇਸ ਖਾਲਸੇ ਵਾਲਾ ਰੱਖ ਲੈਂਦਾ ਹੈ ਉਹ ਸਿੱਖ ਧਰਮ ਅਤੇ ਮਨੁੱਖਤਾ ਦਾ ਨੁਕਸਾਨ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਬਾਣੀ ਵਿੱਚ ਵੀ ਉਹਨਾਂ ਵੱਲੋਂ ਆਦਰਸ਼ਕ ਮਨੁੱਖ ਦੇ ਗੁਣਾਂ ਸਬੰਧੀ ਹਵਾਲੇ ਪ੍ਰਾਪਤ ਹੁੰਦੇ ਹਨ-

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤਿ ਮੈ ਜੁਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜੀਉ ਉਜੀਆਰੈ॥
ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

ਇਸ ਸਵੈਯੇ ਵਿੱਚ ਇਸ ਤਨ ਨੂੰ ਧੀਰਜ ਦਾ ਸਥਾਨ ਬਣਾਕੇ ਬੁੱਧੀ ਨੂੰ ਗਿਆਨ ਦੇ ਦੀਪਕ ਨਾਲ ਉਜਲਾ ਕਰਨਾ ਅਤੇ ਗਿਆਨ ਦੀ ਬਹੁਕਰ ਹੱਥ ਵਿੱਚ ਫੜ ਕੇ ਕਾਇਰਤਾ ਨੂੰ ਹੂੰਝ ਸੁਟਣ ਦੀ ਗੱਲ ਕੀਤੀ ਗਈ ਹੈ।

ਇੱਕ ਹੋਰ ਸ਼ਬਦ ਵਿੱਚ ਗੁਰੂ ਸਾਹਿਬ ਭਾਵੇਂ ਵਿਸ਼ੇਸ਼ ਪ੍ਰਕਾਰ ਦੇ ਸੰਨਿਆਸ ਦਾ ਵਰਣਨ ਕਰਦੇ ਹਨ ਪਰ ਇਸ ਵਿੱਚ ਇੱਕ ਖਾਸ ਤਰ੍ਹਾਂ ਦੀ ਰਹਿਤ ਬਾਰੇ ਵੀ ਦੱਸਿਆ ਗਿਆ ਹੈ-

ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥ ਰਹਾਉ॥
ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ॥
ਗਯਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥ 1॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤੀ॥ 2॥

ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥ 3 ॥

ਕਿੰਨਾ ਚੰਗਾ ਹੋਵੇ ਕਿ ਅੰਮ੍ਰਿਤ ਅਭਿਲਾਖੀਆਂ ਨੂੰ ਪਹਿਲਾਂ ਹਫਤਾ ਭਰ ਇੱਕ ਖਾਸ ਤਰ੍ਹਾਂ ਦੀ ਟ੍ਰੇਨਿੰਗ ਦਿੱਤੀ ਜਾਵੇ ਗੁਰਮਤਿ ਰਹਿਣੀ ਦੇ ਸਿਧਾਂਤ ਦ੍ਰਿੜ ਕਰਵਾਏ ਜਾਣ। ਫਿਰ ਇੱਕ ਛੋਟਾ ਜਿਹਾ ਟੈਸਟ ਲਿਆ ਜਾਵੇ ਤੇ ਕੁਝ ਪ੍ਰਣ ਲਏ ਜਾਣ ਫਿਰ ਅੰਮ੍ਰਿਤ ਛਕਾਇਆ ਜਾਵੇ।

ਅੰਮ੍ਰਿਤ ਛਕਣਾ ਅਤੇ ਛਕਾਉਣਾ ਕੇਵਲ ਇੱਕ ਰਸਮ ਨਹੀਂ ਹੈ ਸਗੋਂ ਇਹ ਇੱਕ ਵੱਡੀ ਜਿੰਮੇਵਾਰੀ ਹੈ।----
ਭੁੱਲ ਚੁੱਕ ਖਿਮਾ ਕਰਨੀ ਜੀ-----ਜਾਗੀਰ ਸਿੰਘ

# ਇੱਕ ਸੰਵੇਦਨਸ਼ੀਲ ਸ਼ਖਸੀਅਤ-ਡਾਕਟਰ ਤ੍ਰਿਲੋਚਨ ਸਿੰਘ ਤਰਸੀ

ਡਾ ਜਾਗੀਰ ਸਿੰਘ

ਮੇਰਾ ਮਾਰਚ ਮਹੀਨੇ ਦੇ ਅੰਮ੍ਰਿਤ ਕੀਰਤਨ ਵਿੱਚ ਛਪਿਆ ਸੰਪਾਦਕੀ ਪੜ੍ਹ ਕੇ ਡਾ. ਤ੍ਰਿਲੋਚਨ ਸਿੰਘ ਤਰਸੀ ਹੋਰਾਂ ਮੈਨੂੰ ਫੋਨ ਕੀਤਾ। ਸੰਪਾਦਕੀ ਬਾਰੇ ਗੱਲ ਬਾਤ ਕਰਦਿਆਂ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਸ਼ਬਦ 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿੱਚ ਆਈ ਤੁਕ 'ਰਤਨ ਵਿਗਾੜ ਵਿਗੋਏ ਕੁਤੀ ਮੁਇਆ ਸਾਰ ਨ ਕਾਈ' ਬਾਰੇ ਆਖਿਆ ਗੁਰੂ ਸਾਹਿਬ ਨੇ ਇਹ ਤੁਕ ਉਸ ਵੇਲੇ ਦੇ ਹਾਕਮਾ ਅਤੇ ਹਿੰਦੁਸਤਾਨ ਦੀ ਜਨਤਾ ਬਾਰੇ ਕਹੀ ਸੀ । ਪਰ ਅੱਜ ਅਸੀਂ ਵੀ ਆਪਣੀ ਆਉਣ ਵਾਲੀ ਰਤਨਾਂ ਵਰਗੀ ਸੰਤਾਨ ਨਾਲ ਵੀ ਉਹੀ ਵਿਹਾਰ ਕਰ ਰਹੇ ਹਾਂ।ਅਸੀਂ ਨਾ ਤਾਂ ਉਸ ਦੀ ਸੰਭਾਲ ਕਰ ਰਹੇ ਹਾਂ ਅਤੇ ਨਾ ਹੀ ਉਹਨਾਂ ਸਾਹਮਣੇ ਕੋਈ ਰੋਲ ਮਾਡਲ ਰੱਖ ਰਹੇ ਹਾਂ।ਉਹਨਾਂ ਨੇ ਸੰਤ ਸਿੰਘ ਸੇਖੋਂ ਦੇ ਨਾਟਕ 'ਮੁਇਆਂ ਸਾਰ ਨ ਕਾਈ'ਵੀ ਯਾਦ ਕਰਵਾਇਆ।

ਡਾਕਟਰ ਤਰਸੀ ਹੋਰਾਂ ਨਾਲ ਮੇਰੀ ਪਹਿਲੀ ਮੁਲਾਕਾਤ ਪੂਨੇ ਵਿਖੇ ਹੋਈ ਸੀ।1976 ਵਿੱਚ ਅਸੀਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਕੀਰਤਨ ਕਰਨ ਗਏ ਸਾਂ। ਤਰਸੀ ਹੋਰੀਂ ਉਦੋਂ ਮਿਲਟਰੀ ਵਿੱਚ ਇੰਸਟਕਟਰ ਦੀ ਡਿਊਟੀ ਤੇ ਸਨ।ਨਾਲ ਹੀ ਉਹ ਪੰਜਾਬ ਯੂਨੀਵਰਸਿਟੀ ਤੋਂ ਐਮ ਏ ਕਰ ਰਹੇ ਸਨ। ਇਸ ਕਰਕੇ ਮੇਰੇ ਛੋਟੇ ਵੀਰ ਡਾਕਟਰ ਬਚਿਤਰ ਸਿੰਘ ਨਾਲ ਉਹਨਾਂ ਦੀ ਵਧੇਰੇ ਜਾਣ ਪਛਾਣ ਸੀ।ਉਦੋਂ ਅਸੀਂ ਪੂਨੇ ਦੇ ਕਾਫੀ ਹਾਉਸਾਂ ਵਿੱਚ ਕਈ ਸ਼ਾਮਾਂ ਬਤੀਤ ਕੀਤੀਆਂ ਸਨ।ਬਾਅਦ ਵਿੱਚ ਜਦੋਂ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਆ ਗਿਆ ਤਾਂ ਡਾ. ਤਰਸੀ ਹੋਰੀਂ ਵੀ ਰਿਟਾਇਰ ਮੈਂਟ ਲੈ ਕੇ ਬੋਰਡ ਵਿੱਚ ਆ ਗਏ।ਉਹਨਾਂ ਦੀ ਪਤਨੀ ਅਤੇ ਮੇਰੀ ਪਤਨੀ ਦੋਵੇਂ ਪੀ ਜੀ ਆਈ ਵਿੱਚ ਨੌਕਰੀ ਕਰਦੀਆਂ ਸਨ ਇਸ ਤਰ੍ਹਾਂ ਡਾਕਟਰ ਤਰਸੀ ਹੋਰਾਂ ਨਾਲ ਦੋਹਰਾ ਤੇਹਰਾ ਰਿਸ਼ਤਾ ਬਣ ਗਿਆ।

ਉਸ ਵੇਲੇ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਪੰਜਾਬੀ ਵਿਕਾਸ ਕੇਂਦਰ ਦੀ ਸਥਾਪਨਾ ਹੋਈ ਸੀ।ਨਵੀਂ ਸਿੱਖਿਆ ਨੀਤੀ ਅਨੁਸਾਰ ਸਾਰੀਆਂ ਪਾਠ ਪੁਸਤਕਾਂ ਨਵੇਂ ਸਿਰੇ ਤੋਂ ਤਿਆਰ ਕੀਤੀਆਂ ਜਾ ਰਹੀਆਂ ਸਨ।ਸਾਰੀ ਟੀਮ ਨੌ ਜੁਆਨਾ ਦੀ ਸੀ ਸਭ ਨੂੰ ਪੜ੍ਹਨ ਲਿਖਣ ਦਾ ਜਨੂੰਨ ਸੀ।ਸਾਡੇ ਸਾਰੇ ਸਹਿਕਰਮੀਆਂ ਨੇ ਐਮ. ਏ. ਤਕ ਦੀ ਪੜ੍ਹਾਈ ਤਾਂ ਕੀਤੀ ਹੀ ਹੋਈ ਸੀ ਪਰ ਹੁਣ ਬਹੁਤੇ ਪੀਐਚ. ਡੀ ਕਰ ਰਹੇ ਸਨ।ਮੈ 1980 ਵਿੱਚ ਪੀਐਚ. ਡੀ. ਕੀਤੀ।ਡਾ. ਤਰਸੀ, ਡਾ. ਕਰਨੈਲ ਸਿੰਘ ਸੋਮਲ ਡਾ. ਸੁਲਤਾਨਾ ਬੇਗਮ, ਅਮਰਜੀਤ ਕੌਰ ਵਿਰਕ ਆਦਿ ਨੇ ਵੀ ਪੀਐਚ. ਡੀ. ਕਰ ਲਈ। ਡਾ. ਤਰਸੀ ਉਮਰ ਵਿੱਚ ਸਾਡੇ ਤੋਂ ਵੱਡੇ ਹਨ।ਅਸੀਂ ਸਾਰੇ ਉਹਨਾਂ ਦਾ ਸਤਿਕਾਰ ਕਰਦੇ ਸਾਂ।ਉਹਨਾਂ ਨੂੰ ਕਹਾਣੀਆਂ ਲਿਖਣ ਦਾ ਸ਼ੌਕ ਸੀ ਤੇ ਉਦੋਂ ਆਪਣੇ ਦਫਤਰ ਵਿੱਚ ਅਸੀਂ ਕਹਾਣੀਆਂ ਪੜ੍ਹ ਕੇ ਸੁਣਾਉਣ ਦਾ ਵੀ ਮਾਹੌਲ ਬਣਾਇਆ ਹੋਇਆ ਸੀ। ਡਾ ਤਰਸੀ ਦਾ ਕਹਾਣੀ ਪੜ੍ਹ ਕੇ ਸੁਣਾਉਣ ਦਾ ਢੰਗ ਵਿਲੱਖਣ ਅਤੇ ਜੋਸ਼ ਭਰਪੂਰ ਸੀ।

ਉਸ ਸਮੇਂ ਨੂੰ ਯਾਦ ਕਰਕੇ ਹੁਣ ਵੀ ਸਰੂਰ ਜਿਹਾ ਆ ਜਾਂਦਾ ਹੈ। ਮੇਰਾ ਇਹ ਸੁਭਾਗ ਹੈ ਕਿ ਮੈਂ ਅਜੇ ਵੀ ਡਾ. ਕਰਨੈਲ ਸਿੰਘ ਸੋਮਲ ਅਤੇ ਡਾ. ਤਰਸੀ ਹੋਰਾਂ ਜਿਹੇ ਵਿਦਵਾਨ ਦੋਸਤਾਂ ਦੇ ਸੰਪਰਕ ਵਿੱਚ ਰਹਿੰਦਾ ਹਾਂ ਅਤੇ ਅਸੀਂ ਕਈ ਵਾਰ ਮਿਲ ਕੇ ਅਤੇ ਕਈ ਵਾਰ ਫੋਨ ਤੇ -ਉਸ ਸ਼ੇਅਰ ਵਾਂਗ-

ਰੋਨੇ ਵਾਲੋਂ ਸੇ ਕਹੋ ਉਨਕਾ ਭੀ ਰੋਨਾ ਰੋ ਲੈਂ,
ਜਿਨ ਕੋ ਮਜਬੂਰੀਏ ਹਾਲਾਤ ਨੇ ਰੋਨੇ ਨਾ ਦੀਆ।

ਉਹਨਾਂ ਹਾਲਾਤਾਂ ਬਾਰੇ ਗੱਲਬਾਤ ਕਰ ਲੈਂਦੇ ਹਾਂ ਜਿਹਨਾਂ ਦਾ ਹੱਲ ਸਾਡੇ ਕੋਲ ਕੋਈ ਨਹੀਂ ਹੁੰਦਾ।ਆਪਣੇ ਇਹਨਾਂ ਵਿਦਵਾਨ ਸੁਹਿਰਦ ਅਤੇ ਸੰਵੇਦਨਸ਼ੀਲ ਮਿੱਤਰਾਂ ਦੇ ਸੰਗ ਸਾਥ ਨੂੰ ਯਾਦ ਕਰਦਿਆਂ ਗੁਰਬਾਣੀ ਦੀ ਇਹ ਤੁਕ ਵੀ

ਯਾਦ ਆ ਜਾਂਦੀ ਹੈ–

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥

---

## ਸਲੀਕੇ ਦਾ ਸਿਰਨਾਵਾਂ– ਮਨਮੋਹਨ ਸਿੰਘ ਦਾਊਂ

ਡਾ ਜਾਗੀਰ ਸਿੰਘ

ਮਨਮੋਹਨ ਸਿੰਘ ਦਾਊਂ ਜੀ ਦਾ ਪੱਤਰ ਮਿਲਿਆ।ਉਸ ਵਿੱਚ 'ਅੰਮ੍ਰਿਤ ਕੀਰਤਨ' ਲਈ ਸਹਾਇਤਾ ਰਾਸ਼ੀ ਤੋਂ ਇਲਾਵਾ ਦੋ ਕਵਿਤਾਵਾਂ ਵੀ ਸਨ।ਮਨਮੋਹਨ ਸਿੰਘ ਜੀ ਨੂੰ ਅਸੀਂ ਸਾਰੇ 'ਦਾਊਂ ਸਾਹਿਬ' ਕਹਿ ਕੇ ਹੀ ਸੰਬੋਧਨ ਕਰਦੇ ਹਾਂ।ਜਦੋਂ ਕਿਤੇ 'ਦਾਊਂ ਸਾਹਿਬ' ਬੋਲਿਆ ਜਾਂ ਲਿਖਿਆ ਜਾਵੇ ਤਾਂ ਇਸ ਦਾ ਮਤਲਬ ਪੁਆਧੀ ਸੱਥ ਵਾਲੇ ਮਨਮੋਹਨ ਸਿੰਘ ਦਾਊਂ ਹੀ ਹੁੰਦਾ ਹੈ।ਮਨਮੋਹਨ ਸਿੰਘ ਜੀ ਦਾ ਪੱਤਰ ਵੇਖਦਿਆਂ ਹੀ ਉਹਨਾਂ ਦੀ ਸ਼ਖਸੀਅਤ ਬਾਰੇ ਅੰਦਾਜ਼ਾ ਲੱਗ ਜਾਂਦਾ ਹੈ।ਉਹ ਇੱਕ ਅਤਿ ਦਰਜੇ ਦੇ ਸਲੀਕੇਦਾਰ ਵਿਅਕਤੀ ਹਨ।ਉਹਨਾਂ ਵੱਲੋਂ ਲਿਖਿਆ ਐਡਰੈਸ ਅਤੇ ਹੱਥ ਨਾਲ ਲਿਖੀਆਂ ਕਵਿਤਾਵਾਂ ਦੀ ਲਿਖਤੀ ਪੇਸ਼ਕਾਰੀ ਇਸ ਢੰਗ ਦੀ ਹੁੰਦੀ ਹੈ ਕਿ ਉਹਨਾਂ ਕਵਿਤਾਵਾਂ ਦੇ ਕਾਵਿਕ ਗੁਣਾਂ ਵੱਲ ਘਟ ਧਿਆਨ ਜਾਂਦਾ ਹੈ ਤੇ ਉਹਨਾਂ ਦੀ ਲਿਖਤ ਅਤੇ ਲੇ–ਆਉਟ ਵੱਲ ਵੇਖਦਿਆਂ ਹੀ ਕਹਿ ਸਕਦੇ ਹਾਂ ਇਹ ਕਵਿਤਾਵਾਂ ਹੀ ਹਨ।

ਦਾਊਂ ਸਾਹਿਬ ਕੋਈ ਕਾਰਜ ਐਵੇਂ ਹੀ ਨਹੀਂ ਕਰਦੇ।ਉਹਨਾਂ ਨੇ ਆਪਣਾ ਸਮਾਂ ਅਤੇ ਸਾਧਨ ਇੱਕ ਖਾਸ ਸਾਹਿਤਿਕ ਮਨੋਰਥ ਲਈ ਸਮਰਪਿਤ ਕੀਤੇ ਹੋਏ ਹਨ।ਉਹ ਆਪ ਅਤੇ ਉਹਨਾਂ ਦੀ ਸੁਪਤਨੀ ਦੋਵੇਂ ਹੀ ਪੰਜਾਬੀ ਦੀਆਂ ਸਾਹਿਤਿਕ ਸਭਾਵਾਂ ਦੀ ਸ਼ਾਨ ਹਨ। ਦੋਵੇਂ ਹੀ ਵਧੀਆ ਲਿਖਦੇ ਤੇ ਛਪਦੇ ਰਹਿੰਦੇ ਹਨ।ਦੋਵੇਂ ਸਨਮਾਨਿਤ ਸਾਹਿਤਕਾਰ ਹਨ।

ਦਾਊਂ ਸਾਹਿਬ ਨਾਲ ਮੇਰੀ ਪਹਿਲੀ ਮੁਲਾਕਾਤ 1971 ਵਿੱਚ ਬੱਸੀ ਪਠਾਣਾ ਡਾਕਟਰ ਕੇਸਰ ਸਿੰਘ ਕੇਸਰ ਹੋਰਾਂ ਦੇ ਘਰ ਹੋਈ ਸੀ। ਮੈਂ ਉਦੋਂ ਪੰਜਾਬੀ ਦੀ ਐਮ ਏ ਕਰ ਰਿਹਾ ਸੀ। ਡਾਕਟਰ ਕੇਸਰ ਸਿੰਘ ਜੀ ਮਾਤਾ ਗੁਜਰੀ ਕਾਲਜ ਵਿੱਚ ਪੜਾਉਂਦੇ ਸਨ। ਉਦੋਂ ਉਹਨਾਂ ਦੇ ਘਰ ਸਾਹਿਤਿਕ ਇਕਤਰਤਾ ਰੱਖੀ ਗਈ ਸੀ।ਉਸ ਵਿੱਚ ਇਲਾਕੇ ਦੇ ਪੰਜਾਬੀ ਲੇਖਕ ਇੱਕਠੇ ਹੋਏ ਸਨ। ਮੇਰੀ ਡੀਊਟੀ ਇਹਨਾਂ ਸਾਰਿਆਂ ਨੂੰ ਚਾਹ ਪਾਣੀ ਪਿਆਉਣ ਦੀ ਸੀ।

ਦਾਊਂ ਸਾਹਿਬ ਦੀ ਤਿੱਖੀ ਸਪਸ਼ਟ ਸੁਹਾਵਣੀ ਦਿੱਖ ਉਦੋਂ ਹੀ ਮੇਰੇ ਮਨ ਵਿੱਚ ਵਸ ਗਈ ਸੀ। ਫਿਰ ਜਦੋਂ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਆਇਆ ਤਾਂ ਪੰਜਾਬੀ ਦੇ ਸਾਰੇ ਲੇਖਕਾਂ ਨਾਲ ਮੇਲਾ ਗੇਲਾ ਲੱਗਾ ਰਹਿੰਦਾ ਸੀ। ਪਰ ਕੁਝ ਵਿਰਲੇ ਸਨ ਜਿਹਨਾਂ ਨਾਲ ਸਾਡੀ ਵਧੇਰੇ ਸਾਂਝ ਹੁੰਦਾ ਸੀ।ਦਾਊਂ ਸਾਹਿਬ ਨੂੰ ਪੰਜਾਬੀ ਨਾਲ ਸਬੰਧਤ ਕੋਈ ਵੀ ਕਾਰਜ ਕਿਹਾ ਜਾ ਸਕਦਾ ਸੀ ਤੇ ਆਸ ਹੁੰਦੀ ਸੀ ਕਿ ਉਹ ਹੋ ਜਾਵੇਗਾ।

ਦਾਊਂ ਸਾਹਿਬ ਦੇ ਵੱਡੇ ਭਰਾਤਾ ਸੰਤ ਬਿਰਤੀ ਦੇ ਮਾਲਕ ਸਨ।ਉਹਨਾਂ ਨਾਲ ਵੀ ਮੇਰੀ ਗੂੜ੍ਹੀ ਸਾਂਝ ਸੀ। ਉਹਨਾਂ ਦੀ ਸੁਪਤਨੀ ਮੇਰੇ ਸਹਿ ਕਰਮੀ ਅਤੇ ਹੁਣ ਦੇ ਪ੍ਰਸਿੱਧ ਆਰਟਿਸਟ ਅਮਰਾਉ ਸਿੰਘ ਦੇ ਭੈਣ ਜੀ ਸਨ।ਅਮਰਾਉ ਸਿੰਘ ਹੁਣ ਅਮਰੀਕਾ ਵਿੱਚ ਰਹਿ ਰਹੇ ਹਨ।ਮੈਂ ਜਦੋਂ 1997 ਵਿੱਚ ਅਮਰੀਕਾ ਗਿਆ ਸਾਂ ਤਾਂ ਉਹਨਾਂ ਨੇ ਮੈਨੂੰ ਬਹੁਤ ਸੈਰ ਕਰਵਾਈ ਸੀ ।ਅਮਰਾਉ ਸਿੰਘ ਜੀ ਵਧੀਆ ਚਿੱਤਰਕਾਰੀ ਕਰਨ ਦੇ ਨਾਲ ਨਾਲ ਸਿਤਾਰ ਵਜਾਉਂਣ ਦਾ ਸ਼ੌਕ ਵੀ ਰੱਖਦੇ ਹਨ।

ਮਨਮੋਹਨ ਸਿੰਘ ਦਾਊਂ ਅਜ ਕਲ ਮੁਹਾਲੀ ਦੇ ਫੇਜ਼ 6 ਵਿੱਚ ਰਹਿੰਦੇ ਹਨ।ਉਹਨਾਂ ਦੇ ਨੇੜੇ ਹੀ ਮੇਰੇ ਮਿੱਤਰ ਡਾਕਟਰ ਕਰਨੈਲ ਸਿੰਘ ਸੋਮਲ ਰਹਿੰਦੇ ਹਨ। ਅਤੇ ਉਥੇ ਨੇੜੇ ਹੀ ਡਾਕਟਰ ਤਰਲੋਚਨ ਸਿੰਘ ਤਰਸੀ ਹੋਰਾਂ ਤੇ ਪੁੱਤਰ ਦਾ ਮੈਡੀਕਲ ਸਟੋਰ ਹੈ।ਇਸ ਲਈ ਜੇ ਫੇਸ ਛੇ ਵਿੱਚ ਗੇੜਾ ਵੱਜੇ ਤਾਂ ਸਮਝੋ ਸਾਰਾ ਦਿਨ ਇੱਕ ਯਾਤਰਾ ਵਾਂਗ ਹੋ ਜਾਂਦਾ ਹੈ।ਇਹਨਾਂ ਸਾਰੀਆਂ ਸ਼ਖਸੀਅਤਾਂ ਨੂੰ ਮਿਲ ਕੇ ਇੰਝ ਲੱਗਦਾ ਹੈ ਕਿ ਜਿਵੇਂ ਤੀਰਥ ਇਸ਼ਨਾਨ ਹੀ ਹੋ ਗਿਆ ਹੋਵੇ।

ਮਨਮੋਹਨ ਸਿੰਘ ਦਾਊਂ ਜੀ ਨੇ ਬੱਚਿਆਂ ਵਾਸਤੇ ਕਾਫੀ ਪੁਸਤਕਾਂ ਲਿਖੀਆਂ ਹਨ।ਉਹਨਾਂ ਦੀਆਂ ਪੁਸਤਕਾਂ ਕੁਦਰਤ, ਪਿੰਡ, ਪੰਛੀ, ਰੁੱਖ, ਸੰਗੀਤ ਆਦਿ ਵਿਸ਼ਿਆਂ ਨਾਲ ਸਬੰਧਤ ਹਨ।ਉਹਨਾਂ ਨੂੰ ਸ਼੍ਰੋਮਣੀ ਸਾਹਿਤਕਾਰ ਅਵਾਰਡ ਪ੍ਰਾਪਤ ਹੋ ਚੁੱਕਾ ਹੈ।ਹੁਣ ਉਹ ਨਵੇਂ ਸਾਹਿਤਕਾਰਾਂ ਲਈ ਪ੍ਰੇਰਨਾ ਸਰੋਤ ਹੈ।ਉਹਨਾਂ ਦੀਆਂ ਯੂ ਟਿਊਬ ਤੇ ਮੁਲਾਕਾਤਾਂ ਸੁਣਨ ਅਤੇ ਸਮਝਣ ਯੋਗ ਹਨ। ਮੇਰੇ ਲਈ ਉਹਨਾਂ ਦੀ ਮਾਤਾ ਸੁਲੱਖਣੀ ਜੀ ਬਾਰੇ ਪੁਸਤਕ ਇੱਕ ਵਿਲੱਖਣ ਪੁਸਤਕ ਹੈ। 'ਅੰਮ੍ਰਿਤ ਕੀਰਤਨ' ਵਿੱਚ ਅਸੀਂ ਉਹਨਾਂ ਦੀਆਂ ਰਚਨਾਵਾਂ ਛਾਪਦੇ ਰਹਿੰਦੇ ਹਾਂ।ਹੁਣ ਵੀ ਉਹਨਾਂ ਨੇ ਦੋ ਕਵਿਤਾਵਾਂ ਭੇਜੀਆਂ ਹਨ ਜਿਹਨਾਂ ਨੂੰ ਇਸ ਅੰਕ ਵਿੱਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

# ਜਨਮ ਸਾਖੀ ਚਿੱਤਰਾਂ ਵਿੱਚ ਭਾਈ ਮਰਦਾਨੇ ਦੇ ਨਾਲ-ਨਾਲ ਤੁਰਦਿਆਂ

**ਡਾ. ਜਸਵਿੰਦਰ ਸਿੰਘ ਭੁੱਲਰ**

ਸਿੱਖ ਇਤਿਹਾਸ ਵਿੱਚ ਗੁਰੂ ਅੰਗਦ ਦੇਵ ਜੀ ਦੇ ਗੁਰਗੱਦੀ 'ਤੇ ਬੈਠਣ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਘਟਨਾਵਾਂ/ਉਪਦੇਸ਼ਾਂ ਬਾਰੇ ਜਾਣਨ-ਸੁਣਨ ਦੀ ਜਗਿਆਸਾ ਦੇ ਫਲਸਰੂਪ ਜਨਮ ਸਾਖੀ ਪਰੰਪਰਾ ਦਾ ਆਗ਼ਾਜ਼ ਹੁੰਦਾ ਹੈ। ਇਸ ਪਰੰਪਰਾ ਨੂੰ ਅਗਾਂਹ ਤੋਰਦਿਆਂ ਜਨਮ ਸਾਖੀ ਚਿੱਤਰਕਾਰਾਂ ਨੇ ਆਪਣੀ ਕਲਾ ਦੀ ਪੇਸ਼ਕਾਰੀ ਲਈ ਦੋ ਪ੍ਰਗਟਾਅ ਮਾਧਿਅਮ ਵਰਤੇ ਹਨ: ਪਹਿਲਾ ਹੱਥ-ਲਿਖਤ ਸਚਿੱਤਰਿਤ ਖਰੜਿਆਂ ਦੇ ਰੂਪ ਵਿੱਚ, ਦੂਜਾ ਧਾਰਮਿਕ ਸਥਾਨਾਂ ਦੀਆਂ ਕੰਧਾਂ ਉੱਤੇ ਚਿੱਤਰਾਂ ਦੇ ਰੂਪ ਵਿੱਚ। ਪਹਿਲਾਂ-ਪਹਿਲ ਇਹ ਜਨਮ ਸਾਖੀਆਂ ਮੌਖਿਕ ਰੂਪ ਵਿੱਚ ਇਕ ਦੂਜੇ ਕੋਲੋਂ ਸੁਣੀਆਂ-ਸੁਣਾਈਆਂ ਜਾਂਦੀਆਂ ਸਨ ਪਰ ਬਾਅਦ ਵਿੱਚ ਹੱਥ-ਲਿਖਤ ਖਰੜਿਆਂ ਦੇ ਰੂਪ ਵਿੱਚ ਲਿਖੀਆਂ ਜਾਣ ਲੱਗੀਆਂ। ਹੱਥ ਲਿਖਤ ਖਰੜਿਆਂ ਵਿੱਚ ਸਾਖੀ ਪਾਠ ਦੇ ਨਾਲ-ਨਾਲ ਸਬੰਧਿਤ ਸਾਖੀ ਦੇ ਵਰਣਨ ਲਈ ਚਿੱਤਰ ਵੀ ਬਣਨੇ ਸ਼ੁਰੂ ਹੋ ਗਏ, ਜਿਨ੍ਹਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ-ਨਾਲ ਮਰਦਾਨੇ ਦੇ ਚਿੱਤਰਣ ਨੂੰ ਵੀ ਪ੍ਰਮੁੱਖਤਾ ਦਿਤੀ ਗਈ। ਹੱਥ ਲਿਖਤ 'Panj B-40 ਜਨਮ ਸਾਖੀ ਗੁਰੂ ਬਾਬਾ ਨਾਨਕ', ਸੰਤ ਦਾਸ ਛਿੱਬਰ ਲਿਖਤ ਜਨਮ ਸਾਖੀ ਅਤੇ ਹੋਰ ਕਈ ਸਾਖੀਆਂ ਇਸ ਦਾ ਪ੍ਰਮਾਣ ਹਨ। ਹੱਥ ਲਿਖਤਾਂ ਦੇ ਇਸ ਪ੍ਰਗਟਾਅ ਮਾਧਿਅਮ ਤੋਂ ਬਾਅਦ ਮੁਗ਼ਲ ਕਾਲ ਦੇ ਅੰਤ ਅਤੇ ਸਿੱਖ ਰਾਜ ਦੀ ਸ਼ੁਰੂਆਤ ਵੇਲੇ ਗੁਰੂ ਸਾਹਿਬ ਸਬੰਧੀ ਇਨ੍ਹਾਂ ਜਨਮ ਸਾਖੀਆਂ ਦਾ ਕੰਧਾਂ ਉੱਤੇ ਵੀ ਚਿੱਤਰਣ ਸ਼ੁਰੂ ਹੋ ਗਿਆ। ਇਹ ਕਾਰਜ ਸਿਰਫ ਗੁਰਦੁਆਰਿਆਂ ਵਿੱਚ ਹੀ ਨਹੀਂ ਬਲਕਿ ਮੰਦਿਰਾਂ, ਵੈਸ਼ਨਵ ਮੱਠਾਂ, ਸਮਾਧਾਂ, ਅਖਾੜਿਆਂ ਵਿੱਚ ਵੀ ਤੇਜ਼ੀ ਨਾਲ ਹੋਇਆ, ਜਿਥੇ ਜਨ ਸਾਧਾਰਣ ਦਾ ਆਉਣਾ ਜਾਣਾ ਆਸਾਨ ਸੀ। ਇਥੇ ਬਣਾਏ ਗਏ ਚਿੱਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਨਿਕਟਵਰਤੀ ਹਮਸਫ਼ਰ ਭਾਈ ਮਰਦਾਨੇ ਦਾ ਜੀਵਨ ਬਿਰਤਾਂਤ ਵੀ ਸ਼ਾਮਿਲ ਸੀ। ਇਸ ਮਹਾਂਪੁਰਖ ਦੀ ਸੰਗੀਤਮਈ ਅਧਿਆਤਮ ਯਾਤਰਾ ਬਾਰੇ ਹਥਲੇ ਲੇਖ ਵਿੱਚ ਅਸੀਂ ਸਚਿੱਤਰਿਤ ਜਨਮ ਸਾਖੀਆਂ ਦੇ ਰੂਪ ਵਿੱਚ 'B-40 ਜਨਮ ਸਾਖੀ ਗੁਰੂ ਬਾਬਾ ਨਾਨਕ' ਜਿਸ ਨੂੰ ਅਸੀਂ ਸੰਖੇਪ ਵਿੱਚ 'Panj B-40 ਜਨਮ ਸਾਖੀ' (1790 ਬਿ.) ਵੀ ਕਹਿੰਦੇ ਹਾਂ, ਜਿਸ ਦਾ ਅਸਲ ਸਰੂਪ ਲੰਦਨ ਦੀ ਫੌਰਨ ਐਂਡ ਕਾਮਨਵੈਲਥ ਆਫ਼ਿਸ ਲਾਇਬ੍ਰੇਰੀ ਵਿੱਚ ਮੌਜੂਦ ਹੈ ਅਤੇ ਗੁਰਦੁਆਰਾ ਬਾਬਾ ਅਟੱਲ, ਅੰਮ੍ਰਿਤਸਰ ਵਿਖੇ ਜਨਮ ਸਾਖੀਆਂ 'ਤੇ ਆਧਾਰਿਤ ਬਣੇ ਕੰਧ ਚਿੱਤਰਾਂ (ਮਿਊਰਲ) ਨੂੰ ਹੀ ਆਪਣੇ ਅਧਿਐਨ/ਮੁੱਲਾਂਕਣ ਦਾ ਆਧਾਰ ਬਣਾਵਾਂਗੇ ਕਿਉਂਕਿ ਦੋਵਾਂ ਦੇ ਚਿੱਤਰ ਕਾਫ਼ੀ ਚੰਗੀ ਹਾਲਤ ਵਿੱਚ ਹਨ।

ਗੁਰਮਤਿ ਇਤਿਹਾਸ ਵਿੱਚ ਭਾਈ ਮਰਦਾਨਾ ਦੀ ਗੱਲ ਕਰੀਏ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਬਿਨਾਂ ਅਧੂਰੀ ਹੀ ਨਹੀਂ, ਨਾਮੁਮਕਿਨ ਹੈ। ਅਰਥਾਤ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਭਾਈ ਮਰਦਾਨਾ ਦਾ ਤਸੱਵੁਰ ਹੀ ਨਹੀਂ ਕੀਤਾ ਜਾ ਸਕਦਾ। ਮਰਦਾਨਾ ਗੁਰੂ ਸਾਹਿਬ ਦੀ ਜੀਵਨੀ ਦਾ ਇਕ ਪਾਤਰ ਹੀ ਨਹੀਂ ਬਲਕਿ ਇਕ ਅਹਿਮ ਸਾਥੀ ਵੀ ਸੀ, ਜਿਸ ਨਾਲ ਉਨ੍ਹਾਂ ਜ਼ਿੰਦਗੀ ਦੇ 54 ਵਰ੍ਹੇ ਇਕੱਠਿਆਂ ਬਿਤਾਏ। ਮਰਦਾਨਾ ਗੁਰੂ ਸਾਹਿਬ ਵੱਲੋਂ ਦੋ ਦਹਾਕਿਆਂ ਤੋਂ ਵੀ ਵੱਧ ਵਰ੍ਹੇ ਕੀਤੀਆਂ ਉਦਾਸੀਆਂ ਦੌਰਾਨ ਉਨ੍ਹਾਂ ਦੇ ਅੰਗ-ਸੰਗ ਰਿਹਾ। ਉਸ ਨੇ ਗੁਰੂ ਸਾਹਿਬ ਨਾਲ ਸਿੱਖ ਮੱਤ ਦੇ ਪ੍ਰਚਾਰ ਤੇ ਪਾਸਾਰ ਲਈ ਅਤਿ ਦੀ ਗਰਮੀ-ਸਰਦੀ ਵਿੱਚ ਜੰਗਲਾਂ, ਪਹਾੜਾਂ, ਉਜਾੜਾਂ ਅਤੇ ਬੀਆਬਾਨ ਰੇਗਿਸਤਾਨਾਂ ਦਾ ਭੁੱਖੇ-ਪਿਆਸੇ ਰਹਿ ਕੇ ਅਨੇਕਾਂ ਦੇਸ਼ਾਂ ਦਾ ਹਜ਼ਾਰਾਂ ਮੀਲ ਪੈਂਡਾ ਤੈਅ ਕੀਤਾ, ਜੋ ਇਤਿਹਾਸ ਵਿੱਚ ਇਕ ਅਦਭੁੱਤ ਅਤੇ ਅਲੋਕਾਰੀ ਘਟਨਾ ਹੈ।

ਗੁਰੂ ਨਾਨਕ ਦੇਵ ਜੀ ਦੇ ਇਸ ਪਰਮ ਪਿਆਰੇ ਸੰਗੀ ਦਾ ਜਨਮ 6 ਫ਼ਰਵਰੀ 1459 'ਚ ਰਾਏ ਭੋਇ ਦੀ ਤਲਵੰਡੀ ਵਿਖੇ ਚੋਭੜ ਜਾਤੀ ਦੇ ਮਿਰਾਸੀ ਮੀਰ ਬਦਰੇ ਪਿਤਾ ਦੇ ਘਰ ਲੱਖੋ ਬੀਬੀ ਦੀ ਕੁੱਖੋਂ ਹੋਇਆ। ਮਰਦਾਨੇ ਦੇ ਦਾਦੇ ਦਾ ਨਾਂਅ ਰਜਾਨੀ ਸੀ। ਮੀਰ ਬਦਰੇ ਦੇ ਘਰ ਸੱਤ ਬੱਚੇ ਪੈਦਾ ਹੋਏ, ਪਹਿਲੇ ਛੇ ਬੱਚੇ ਜਲਦ ਹੀ ਮਰ ਗਏ। ਸੱਤਵੇਂ ਬੱਚੇ ਦਾ ਨਾਂਅ 'ਮਰ ਜਾਣਾ' ਰੱਖਿਆ ਗਿਆ। ਇਸ ਮਰ ਜਾਣੇ ਨੇ ਗੁਰੂ ਸਾਹਿਬ ਨਾਲ ਰਾਬਤਾ ਕੀਤਾ ਤੇ ਉਨ੍ਹਾਂ ਨੂੰ ਕੁਝ ਕਰਨ ਲਈ ਕਿਹਾ। ਗੁਰੂ ਸਾਹਿਬ ਜਦ ਉਸਦੀ ਮਾਂ ਨੂੰ ਮਿਲੇ ਤਾਂ ਉਹ ਰੋ ਕੁਰਲਾ ਰਹੀ ਸੀ ਕਿਉਂਕਿ ਉਸ ਦੇ ਪਹਿਲੇ 6 ਪੁੱਤਰ ਮਰ ਗਏ ਸਨ। ਗੁਰੂ

ਸਾਹਿਬ ਨੇ ਉਸ ਦੇ ਸੱਤਵੇਂ ਪੁੱਤਰ ਦਾ ਨਾਂ ਪੁੱਛਿਆ ਤਾਂ ਉਸ ਨੇ ਕਿਹਾ 'ਮਰ ਜਾਣਾ' ਮਤਲਬ ਇਹ ਵੀ ਮਰ ਜਾਏਗਾ। ਗੁਰੂ ਨਾਨਕ ਸਾਹਿਬ ਨੇ ਉਸ ਦੀ ਮਾਂ ਨੂੰ ਕਿਹਾ ਕਿ ਉਹ ਆਪਣਾ ਪੁੱਤਰ ਉਹਨਾਂ ਨੂੰ ਦੇ ਦੇਵੇ ਤਾਂ ਕਿ ਉਸ ਨੂੰ ਉਸ ਦੀ ਮੌਤ ਦਾ ਬੋਝ ਨਹੀਂ ਉਠਾਉਣਾ ਪਵੇਗਾ। ਇਹ ਗੱਲ ਮੰਨ ਕੇ ਮਾਤਾ ਲੱਖੋ ਨੇ 'ਮਰ ਜਾਣਾ' ਗੁਰੂ ਨਾਨਕ ਦੇਵ ਜੀ ਨੂੰ ਸੌਂਪ ਦਿੱਤਾ ਤੇ ਕਿਹਾ ਕਿ ਅੱਜ ਤੋਂ ਬਾਅਦ ਉਹਨਾਂ ਦੇ ਵੰਸ਼ ਵਿੱਚ ਕੋਈ ਵੀ ਜਲਦੀ ਨਹੀਂ ਮਰੇਗਾ। ਉਨ੍ਹਾਂ 'ਮਰ ਜਾਣਾ' ਦਾ ਨਾਂ 'ਮਰਦਾ ਨਾ' ਮਤਲਬ ਜੋ ਨਹੀਂ ਮਰੇਗਾ, ਰੱਖ ਦਿੱਤਾ। ਕਈ ਇਤਿਹਾਸਕਾਰ ਉਸ ਦੇ ਬਚਪਨ ਦਾ ਨਾਂਅ 'ਦਾਨਾ' ਦੱਸਦੇ ਹਨ। ਨਾਂਅ ਭਾਵੇਂ ਕੋਈ ਵੀ ਹੋਵੇ, ਮਰਦਾਨਾ ਉੱਚਕੋਟੀ ਦਾ ਮਹਾਨ ਸੰਗੀਤਕਾਰ ਸੀ। ਉਹ ਰਬਾਬ ਯਾਨਿ 'ਰੇਬਾਬ' ਜੋ ਇਕ ਅਰਬ ਈਰਾਨੀ ਤੰਤੀ ਸਾਜ ਹੈ, ਵਜਾਉਣ ਵਿੱਚ ਮਾਹਿਰ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਰਬਾਬ ਦਾ ਜ਼ਿਕਰ 6 ਵਾਰ ਆਉਂਦਾ ਹੈ। ਕਾਨ੍ਹ ਸਿੰਘ ਨਾਭਾ ਇਸ ਨੂੰ 'ਰਾਵਣ ਵੀਣਾ' ਲਿਖਦੇ ਹਨ। ਮਰਦਾਨੇ ਨੇ ਰਾਗਾਂ ਦੇ ਆਧਾਰ 'ਤੇ ਰਬਾਬ ਵਜਾਉਣ ਦੀ ਕਲਾ ਆਪਣੇ ਪੁਰਖਿਆਂ ਤੋਂ ਸਿੱਖੀ ਸੀ।

ਮਿਹਰਬਾਨ ਵਾਲੀ ਸਾਖੀ ਅਨੁਸਾਰ ਮਰਦਾਨਾ ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ ਅਤੇ ਬੇਨੀ ਭਗਤਾਂ ਦੀ ਬਾਣੀ ਦਾ ਗਾਇਨ ਕਰਦਾ ਸੀ। ਇਥੋਂ ਸਪਸ਼ਟ ਹੁੰਦਾ ਹੈ ਕਿ ਮਰਦਾਨਾ ਸ਼ੁਰੂ ਤੋਂ ਹੀ ਅਧਿਆਤਮ ਦੇ ਰਾਹ ਦਾ ਪਾਂਧੀ ਸੀ। ਕਿੱਤੇ ਵਜੋਂ ਮਰਦਾਨਾ ਆਪਣੇ ਮਿਰਾਸੀ ਪਿਤਾ ਨਾਲ ਉੱਚੀ ਹੇਕ ਲਾ ਕੇ ਆਪਣੇ ਜਜਮਾਨਾਂ ਦਾ ਜੱਸ ਗਾਇਨ ਕਰਕੇ ਬਖਸ਼ਿਸ਼ਾਂ ਨਾਲ ਗੁਜਰ ਬਸਰ ਕਰਦੇ ਸਨ। ਇਸ ਤੋਂ ਇਲਾਵਾ ਡੂਮ ਮਰਦਾਨਾ ਅਤੇ ਉਸ ਦੇ ਵਡੇਰੇ ਦੂਰ-ਦਰਾਜ ਦੇ ਪਿੰਡਾਂ ਵਿੱਚ ਇਕ ਦੂਜੇ ਦਾ ਸੁੱਖ-ਸੁਨੇਹਾ ਵੀ ਲੈ ਕੇ ਜਾਂਦੇ ਸਨ ਅਤੇ ਉਹਨਾਂ ਦਾ ਵੀ ਜਵਾਬ/ਸੁਨੇਹਾ ਲੈ ਕੇ ਪਰਤਦੇ ਸਨ। ਇਸ ਅਹਿਮ ਸੇਵਾ ਬਦਲੇ ਉਹਨਾਂ ਦਾ ਕਾਫ਼ੀ ਖ਼ਿਆਲ ਰੱਖਿਆ ਜਾਂਦਾ ਸੀ। ਇਸ ਕੰਮ ਲਈ ਉਹ ਦੂਰ ਦੇ ਪਿੰਡਾਂ ਵਿੱਚ ਜਾਂਦੇ ਸਨ, ਜਿਸ ਕਰਕੇ ਉਹ ਰਸਤੇ ਵਿੱਚ ਆਉਣ ਵਾਲੀਆਂ ਸਭ ਮੁਸ਼ਕਿਲਾਂ ਸਹਿਣ ਦੇ ਆਦੀ ਸਨ। ਉਹ ਰਸਤੇ ਵਿੱਚ ਗਾ ਵਜਾ ਕੇ ਪੈਂਡਾ ਕੱਟ ਲਿਆ ਕਰਦੇ ਸਨ।

ਇਕੋ ਪਿੰਡ ਵਿੱਚ ਰਹਿੰਦਿਆਂ ਮਰਦਾਨੇ ਨੇ ਬਚਪਨ ਵਿੱਚ ਨਾਨਕ ਨਾਲ ਕਾਫੀ ਸਮਾਂ ਇਕੱਠਾ ਬਿਤਾਇਆ। ਮਾਈ ਦੌਲਤਾਂ ਜਿਸ ਨੇ ਬਾਲ ਨਾਨਕ ਦੇ ਜਨਮ ਵੇਲੇ ਦਾਈ ਦਾ ਕਾਰਜ ਨਿਭਾਇਆ ਸੀ, ਮਰਦਾਨੇ ਦੇ ਸਕੇ ਤਾਏ ਦੀ ਧੀਅ ਸੀ। ਦੌਲਤਾਂ ਦਾ ਪਿਤਾ ਤੇ ਮਰਦਾਨੇ ਦਾ ਪਿਤਾ ਆਪੋ ਵਿੱਚ ਸਕੇ ਭਰਾ ਸਨ। ਮਰਦਾਨਾ ਉਸ ਵੇਲੇ ਦਸ ਕੁ ਸਾਲ ਦਾ ਸੀ, ਜਦੋਂ ਉਹ ਕਦੇ ਕਦਾਈਂ ਮਾਈ ਦੌਲਤਾਂ ਨਾਲ ਨਾਨਕ ਦੇ ਘਰੇ ਜਾ ਕੇ ਉਸ ਨੂੰ ਖਿਡਾਉਂਦਾ ਸੀ। ਨਾਨਕ ਨੂੰ ਜਦੋਂ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਨ ਲੋਧੀ ਦੇ ਮੋਦੀਖਾਨੇ ਕੰਮ ਕਰਨ ਲਈ ਭੇਜਿਆ ਤਾਂ ਕੁਝ ਸਮੇਂ ਬਾਅਦ ਪਿਤਾ ਮਹਿਤਾ ਕਾਲੂ ਨੇ ਮਰਦਾਨੇ ਨੂੰ ਸੁਲਤਾਨਪੁਰ ਜਾ ਕੇ ਨਾਨਕ ਦੇ ਕੰਮ ਕਾਜ ਬਾਰੇ ਖ਼ਬਰ ਲੈ ਕੇ ਆਉਣ ਲਈ ਆਖਿਆ, ਕਿ ਉਹ ਉਥੇ ਕੀ ਕਰ ਰਿਹਾ ਹੈ? ਮਰਦਾਨਾ ਜੋ ਉਸ ਵੇਲੇ ਦੋ ਪੁੱਤਰਾਂ ਰਜਾਦਾ, ਸ਼ਹਿਜਾਦ ਅਤੇ ਇਕ ਧੀਅ ਦਾ ਬਾਪ ਸੀ, ਸੁਲਤਾਨਪੁਰ ਆ ਗਿਆ। ਗੁਰੂ ਸਾਹਿਬ ਆਪਣੇ ਬਚਪਨ ਦੇ ਜਿਗਰੀ ਦੋਸਤ ਦੇ ਸੁਲਤਾਨਪੁਰ ਲੋਧੀ ਆਉਣ ਉੱਤੇ ਬਹੁਤ ਖੁਸ਼ ਹੋਏ। ਦੋਵੇਂ ਸਵੇਰੇ-ਸ਼ਾਮ ਪਰਮਾਤਮਾ ਦੀ ਉਸਤਤਿ ਵਿੱਚ ਗਾਉਣ ਲਗੇ। ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਨੂੰ ਖਸਤਾ ਹਾਲਤ ਵਿੱਚ ਵੇਖਦਿਆਂ ਕਿਹਾ ਕਿ ਉਹ ਬੀਬੀ ਨਾਨਕੀ ਕੋਲੋਂ ਪੈਸੇ ਲੈ ਕੇ ਭਰੋਆਣਾ (ਕਪੂਰਥਲਾ) ਦੇ ਭਾਈ ਫਿਰੰਦੇ (ਭਾਈ ਫੇਰੂ) ਕੋਲੋਂ ਰਬਾਬ ਖਰੀਦ ਲਿਆਏ, ਜੋ ਉਸ ਨੇ ਖਾਸ ਤੌਰ 'ਤੇ ਤਿਆਰ ਕੀਤੀ ਸੀ। ਬੀਬੀ ਨਾਨਕੀ ਕੋਲੋਂ ਸੱਤ ਰੁਪਏ ਲੈ ਕੇ ਮਰਦਾਨਾ ਭਾਈ ਫਿਰੰਦੇ ਤਰਖਾਣ ਕੋਲ ਗਿਆ, ਜੋ ਰਬਾਬ ਬਣਾਉਣ ਵਿੱਚ ਮਾਹਿਰ ਸੀ। ਭਾਈ ਫਿਰੰਦੇ ਨੇ ਮਰਦਾਨੇ ਬਾਰੇ ਪੁੱਛਿਆ ਤਾਂ ਉਸ ਨੇ ਆਪਣੇ ਬਾਰੇ ਤੇ ਗੁਰੂ ਨਾਨਕ ਸਾਹਿਬ ਬਾਰੇ ਵੀ ਦੱਸਿਆ। ਰਬਾਬ ਲੈਣ ਉਪਰੰਤ ਜਦੋਂ ਮਰਦਾਨੇ ਨੇ ਸੱਤ ਰੁਪਏ ਦਿੱਤੇ ਤਾਂ ਭਾਈ ਫਿਰੰਦੇ ਨੇ ਇਹ ਕਹਿ ਕੇ ਲੈਣੋਂ ਮਨ੍ਹਾ ਕਰ ਦਿੱਤੇ ਕਿ ਉਹ ਸਿਰਫ ਗੁਰੂ ਸਾਹਿਬ ਦੇ ਦਰਸ਼ਨ ਕਰਾ ਦੇਵੇ। ਸੁਲਤਾਨਪੁਰ ਲੋਧੀ ਆ ਕੇ ਮਰਦਾਨੇ ਨੇ ਸੱਤ ਰੁਪਏ ਬੀਬੀ ਨਾਨਕੀ ਨੂੰ ਵਾਪਸ ਕਰ ਦਿੱਤੇ। ਗੁਰੂ ਸਾਹਿਬ ਨਾਲ ਭਾਈ ਫਿਰੰਦੇ ਦੀ ਭੇਂਟ ਹੋਈ ਤੇ ਉਥੇ ਰਬਾਬ ਦੇ ਸੰਗੀਤ ਨਾਲ ਕੀਰਤਨ ਦਾ ਆਨੰਦ ਮਾਣਿਆ। ਪਰ ਗੁਰਦੁਆਰਾ ਬਾਬਾ ਅਟੱਲ, ਅੰਮ੍ਰਿਤਸਰ ਵਿਖੇ ਬਣਿਆ ਕੰਧ ਚਿੱਤਰ ਦੱਸਦਾ ਹੈ ਕਿ ਭਾਈ ਫਿਰੰਦੇ ਨੇ ਗੁਰੂ ਸਾਹਿਬ ਨੂੰ ਰਬਾਬ ਜੰਗਲ ਵਿੱਚ ਬੈਠਿਆਂ ਭੇਂਟ ਕੀਤੀ। ਇਨ੍ਹਾਂ ਪਲਾਂ ਨੂੰ ਚਿੱਤਰ

ਵਿੱਚ ਕੈਦ ਕਰਦਿਆਂ ਚਿੱਤਰਕਾਰ ਨੇ ਗੁਰੂ ਸਾਹਿਬ ਨੂੰ ਜੰਗਲ ਵਿੱਚ ਬੈਠਿਆਂ ਦਿਖਾਇਆ ਹੈ। ਭਾਈ ਫਿਰੰਦੇ ਨੇ ਸੀਸ ਨਿਵਾਉਂਦਿਆਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਰਬਾਬ ਰੱਖੀ ਹੈ। ਭਾਈ ਮਰਦਾਨਾ ਵੀ ਗੁਰੂ ਸਾਹਿਬ ਤੋਂ ਥੋੜ੍ਹੀ ਵਿੱਥ 'ਤੇ ਬੈਠੇ ਹਨ। ਕਿਹਾ ਜਾਂਦਾ ਹੈ ਕਿ ਰਬਾਬ ਮਿਲ ਜਾਣ 'ਤੇ ਦੋਵੇਂ ਸਵੇਰੇ-ਸ਼ਾਮ ਪਰਮਾਤਮਾ ਦੀ ਉਸਤਤਿ ਵਿੱਚ ਸੁਲਤਾਨਪੁਰ ਦੀਆਂ ਗਲੀਆਂ ਵਿੱਚ ਤਕਰੀਬਨ ਸੱਤ ਸਾਲ ਗਾਉਂਦੇ ਰਹੇ। ਭਾਈ ਗੁਰਦਾਸ ਜੀ ਮਰਦਾਨੇ ਦੀ ਰਬਾਬ ਵਜਾਉਣ ਦੀ ਕਲਾ ਦਾ ਵਿਖਿਆਣ ਇੰਜ ਕਰਦੇ ਕਹਿੰਦੇ ਹਨ:-

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥

(ਵਾਰ-੧੧, ਪਉੜੀ-੧੩)

ਇਹ ਭਾਈ ਫਿਰੰਦੇ ਦੀ ਰਬਾਬ ਹੀ ਸੀ, ਜੋ ਪੂਰੇ ਏਸ਼ੀਆ ਅਤੇ ਯੂਰਪ ਦੀਆਂ ਸਭ ਦਿਸ਼ਾਵਾਂ ਵਿੱਚ ਗੂੰਜੀ। ਸਿੱਖ ਇਤਿਹਾਸ ਵਿੱਚ ਦੋਵੇਂ ਤਰਖਾਣਾਂ ਭਾਈ ਫਿਰੰਦੇ ਅਤੇ ਭਾਈ ਲਾਲੋ ਦਾ ਉਚੇਰਾ ਮੁਕਾਮ ਰਹੇਗਾ।

ਇਕ ਵੱਖਰੇ ਮੱਤ ਅਨੁਸਾਰ ਗੁਰੂ ਨਾਨਕ ਸਾਹਿਬ ਨੂੰ ਮਰਦਾਨਾ 1480 ਵਿੱਚ ਮਿਲਿਆ ਦੱਸਿਆ ਜਾਂਦਾ ਹੈ, ਜਿਸ ਨੇ ਆਪਣੀ ਜ਼ਿੰਦਗੀ ਦੇ 54 ਵਰ੍ਹੇ ਬਾਬਾ ਨਾਨਕ ਨਾਲ ਬਿਤਾਏ। ਜਦੋਂ ਗੁਰੂ ਨਾਨਕ ਦੇਵ ਜੀ ਸਮੁੱਚੀ ਲੋਕਾਈ ਦੇ ਉੱਦਾਰ ਲਈ ਪਹਿਲੀ ਉਦਾਸੀ 'ਤੇ ਜਾਣ ਦੀ ਸੋਚ ਰਹੇ ਸਨ ਤਾਂ ਉਨ੍ਹਾਂ ਨੇ ਮਰਦਾਨੇ ਨੂੰ ਵੀ ਨਾਲ ਜਾਣ ਲਈ ਆਖਿਆ ਪਰ ਮਰਦਾਨਾ ਜਾਣ ਤੋਂ ਪਹਿਲਾਂ ਆਪਣੀ ਧੀਅ ਦਾ ਵਿਆਹ ਕਰ ਕੇ ਜਾਣਾ ਚਾਹੁੰਦਾ ਸੀ। ਉਸ ਵੇਲੇ ਗੁਰੂ ਨਾਨਕ ਦੇਵ ਜੀ ਦੇ ਅਨੁਯਾਈ ਭਾਗੀਰਥ ਨੇ ਮਰਦਾਨੇ ਦੀ ਮਾਇਕ ਮਦਦ ਕਰਕੇ ਮਰਦਾਨੇ ਦੀ ਧੀਅ ਦਾ ਵਿਆਹ ਕੀਤਾ। ਇਸ ਉਪਰੰਤ ਮਰਦਾਨਾ ਗੁਰੂ ਸਾਹਿਬ ਨਾਲ ਸੰਸਾਰ ਭਰ ਦੀਆਂ ਉਦਾਸੀਆਂ 'ਤੇ ਤੁਰ ਗਿਆ :-

ਮਰਦਾਨਾ ਢਾਡੀ ਲਿਆ ਸੰਗ
ਸੰਜੋਗ ਪੁਰਾਤਨ ਮਿਲਿਓ ਅਭੰਗ
ਤਬਿ ਸਤਿਗੁਰ ਜੀ ਕਿਆ ਪਇਆਨਾ
ਆਗੈ ਪ੍ਰਭ ਪੀਛੇ ਮਰਦਾਨਾ॥

ਉਦਾਸੀਆਂ 'ਤੇ ਜਾਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਆਪਣੇ ਨਾਲ ਜਾਣ ਲਈ ਹੀ ਕਿਉਂ ਆਖਿਆ ਹੋਵੇਗਾ? ਕੀ ਗੁਰੂ ਸਾਹਿਬ ਨੇ ਮਰਦਾਨੇ ਨੂੰ ਆਪਣੇ ਮਨ ਹੀ ਮਨ ਵਿੱਚ ਇਸ ਵਡੇਰੇ ਕਾਰਜ ਲਈ ਪਰਖ ਲਿਆ ਸੀ? ਜਾਂ ਫਿਰ ਕਿਸੇ ਹੋਰ ਨੂੰ ਆਪਣੇ ਨਾਲ ਲੈ ਕੇ ਜਾਣ ਲਈ ਸੋਚਿਆ ਹੋਵੇਗਾ? ਗੁਰੂ ਸਾਹਿਬ ਨੇ ਮਰਦਾਨੇ ਦੀ ਚੋਣ ਇਸ ਲਈ ਨਹੀਂ ਕੀਤੀ ਹੋਵੇਗੀ ਕਿ ਉਹ ਰਬਾਬ ਵਜਾਉਣੀ ਜਾਣਦਾ ਸੀ। ਅਗਰ ਗੁਰੂ ਸਾਹਿਬ ਨੂੰ ਉਦਾਸੀਆਂ 'ਤੇ ਜਾਣ ਲਈ ਸਿਰਫ ਰਬਾਬੀ ਹੀ ਚਾਹੀਦਾ ਸੀ ਤਾਂ ਉਹ ਹੋਰ ਵੀ ਕਿਸੇ ਮਾਹਿਰ ਰਬਾਬੀ ਨੂੰ ਜਾਣਦੇ ਹੋਣਗੇ, ਜਿਵੇਂ ਉਹ ਦੂਰ ਬੈਠੇ ਭਾਈ ਫਿਰੰਦੇ ਨੂੰ ਜਾਣਦੇ ਸਨ ਕਿ ਉਹ ਬਹੁਤ ਵਧੀਆ ਰਬਾਬ ਬਣਾਉਂਦਾ ਹੈ। ਇਹ ਸਾਰੇ ਪ੍ਰਸ਼ਨ ਮੁੱਲਾਂਕਣ ਦੀ ਮੰਗ ਕਰਦੇ ਹਨ। ਦਰਅਸਲ ਗੁਰੂ ਸਾਹਿਬ ਦੇ ਵੇਲੇ ਸਮਾਜ ਵਿੱਚ ਜਾਤ-ਪਾਤ, ਵਰਣ-ਵੰਡ, ਕੂੜ-ਕੁਸੱਤ ਦਾ ਚਾਰੇ ਪਾਸੇ ਬੋਲਬਾਲਾ ਸੀ, ਸਮਾਜ ਵਿੱਚ ਨਿਘਾਰ ਆ ਚੁੱਕਾ ਸੀ। ਗੁਰੂ ਸਾਹਿਬ ਜੋ ਕਿ ਖੱਤਰੀ ਜਾਤ ਨਾਲ ਸਬੰਧ ਰੱਖਦੇ ਸਨ, ਸਮਾਜ ਵਿੱਚ ਇਕ ਉੱਚੀ ਜਾਤ ਮੰਨੀ ਜਾਂਦੀ ਸੀ। ਉਸ ਵੇਲੇ ਤਲਵੰਡੀ ਜਾਂ ਫਿਰ ਸੁਲਤਾਨਪੁਰ ਲੋਧੀ, ਜਿਥੇ ਗੁਰੂ ਸਾਹਿਬ ਨੇ ਆਪਣਾ ਬਚਪਨ ਤੇ ਜਵਾਨੀ ਦਾ ਲੰਮਾ ਸਮਾਂ ਗੁਜ਼ਾਰਿਆ ਸੀ, ਉਥੇ ਵੀ ਗੁਰੂ ਸਾਹਿਬ ਦੇ ਹਮਉਮਰ ਖੱਤਰੀਆਂ ਦੇ ਦੋਸਤ-ਯਾਰ ਹੋਣਗੇ। ਉਹ ਉਨ੍ਹਾਂ ਵਿੱਚੋਂ ਵੀ ਕਿਸੇ ਇਕ ਨੂੰ ਉਦਾਸੀਆਂ 'ਤੇ ਲੈ ਜਾ ਸਕਦੇ ਸਨ ਪਰ ਫਿਰ ਵੀ ਉਨ੍ਹਾਂ ਨੇ ਮਰਦਾਨੇ ਦੀ ਚੋਣ ਹੀ ਕਿਉਂ ਕੀਤੀ? ਆਓ! ਇਸ ਮਹੱਤਵਪੂਰਣ ਨੁਕਤੇ ਬਾਰੇ ਕੁਝ ਤੱਥ ਵਿਚਾਰਦੇ ਹਾਂ:-

ਦਰਅਸਲ ਬਹੁਤ ਸੋਚ ਵਿਚਾਰ ਕੇ ਮਰਦਾਨੇ ਦੀ ਚੋਣ ਨਾਲ ਗੁਰੂ ਸਾਹਿਬ ਨੇ ਇਕੋ ਵਾਰ ਕਈ ਚਿਹਨ ਸਥਾਪਿਤ ਕੀਤੇ ਹਨ। ਪਹਿਲੀ ਗੱਲ ਇਹ ਹੈ ਕਿ ਡੂਮ ਮਰਦਾਨਾ ਮੁਸਲਿਮ ਧਰਮ ਨਾਲ ਸਬੰਧ ਰੱਖਦਾ ਸੀ। ਇਸ ਚੋਣ ਨਾਲ ਗੁਰੂ ਸਾਹਿਬ ਨੇ ਸੁਚੇਤ ਪੱਧਰ ਉੱਤੇ ਇਹ ਦਰਸਾਇਆ ਕਿ ਧਰਮ ਭਾਵੇਂ ਕੋਈ ਵੀ ਹੋਵੇ, ਆਪੋ ਵਿੱਚ ਪ੍ਰੇਮ-ਪਿਆਰ, ਵਿਸ਼ਵਾਸ

ਅਤੇ ਦੂਜੇ ਧਰਮ ਦੀ ਕਦਰ ਕਰਦਿਆਂ ਜੀਵਨ ਜਿਊਣਾ ਚਾਹੀਦਾ ਹੈ। ਗੁਰੂ ਸਾਹਿਬ ਨੇ ਜਾਤੀ, ਸ਼੍ਰੇਣੀਆਂ ਤੋਂ ਉੱਪਰ ਉੱਠ ਕੇ ਸਿਰਫ ਇਹ ਗੱਲ ਹੀ ਨਹੀਂ ਕੀਤੀ ਸਗੋਂ ਉਸ ਨੂੰ ਆਪਣੇ ਅਮਲੀ ਜੀਵਨ ਵਿੱਚ ਜਿਊ ਕੇ ਵੀ ਵਿਖਾਇਆ ਹੈ। ਦੂਜਾ ਸਮਾਜ ਵਿੱਚ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਣ ਵਾਲੇ ਮਿਰਾਸੀ ਮਰਦਾਨੇ ਦੀ ਚੋਣ ਇਹ ਸਾਬਿਤ ਕਰਦੀ ਹੈ ਕਿ ਦਲਿਤ ਸ਼੍ਰੇਣੀ ਨਾਲ ਸਬੰਧ ਰੱਖਣ ਨਾਲ ਬੰਦਾ ਛੋਟਾ ਨਹੀਂ ਹੋ ਜਾਂਦਾ। ਗੁਰੂ ਸਾਹਿਬ ਦਾ ਦਲਿਤ ਮਰਦਾਨੇ ਨਾਲ ਜ਼ਿੰਦਗੀ ਦਾ ਲੰਬਾ ਸਮਾਂ ਗੁਜ਼ਾਰਨਾ ਉਨ੍ਹਾਂ ਦੇ ਅਮਲੀ ਰੂਪ ਨੂੰ ਸਾਹਮਣੇ ਲਿਆਉਂਦਾ ਹੈ। ਇਸ ਅਮਲ ਨਾਲ ਉਨ੍ਹਾਂ ਜਾਤਾਂ, ਵਰਣਾਂ ਵਿੱਚ ਪਈਆਂ ਵੰਡੀਆਂ ਨੂੰ ਸਿਰਿਓਂ ਨਕਾਰਿਆ। ਇਹ ਵੱਖਰੀ ਗੱਲ ਹੈ ਕਿ ਮਰਦਾਨੇ ਨੇ ਵੀ ਗੁਰੂ ਸਾਹਿਬ ਦੇ ਮਿਸ਼ਨ ਨੂੰ ਸਫਲ ਬਣਾਉਣ ਲਈ ਕੋਈ ਕਸਰ ਨਹੀਂ ਛੱਡੀ। ਤੀਜਾ ਮਰਦਾਨੇ ਕੋਲ ਰਬਾਬ ਵਜਾਉਣ ਦਾ ਫ਼ਨ ਸੀ। ਰਬਾਬ ਹੈ ਤਾਂ ਧੁਨ ਹੈ। ਧੁਨ ਹੈ ਤਾਂ ਬਾਬੇ ਨਾਨਕ ਦਾ ਸ਼ਬਦ ਹੈ। ਧੁਨ ਅਤੇ ਸ਼ਬਦ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਰਬਾਬ ਤੋਂ ਧੁਨ ਵੱਜਦੀ ਹੈ ਤਾਂ ਫਿਰ ਸ਼ਬਦ ਉੱਤਰਦਾ ਹੈ। ਸੰਪੂਰਣ ਬਾਣੀ ਕਿਉਂਕਿ ਰਾਗਾਂ ਵਿੱਚ ਹੈ ਅਤੇ ਬਾਣੀ ਦੇ ਗਾਇਨ ਲਈ ਸੰਗੀਤ ਜ਼ਰੂਰੀ ਹੈ, ਸੰਗੀਤ ਤੇ ਰਾਗਾਂ ਵਿੱਚ ਮਰਦਾਨਾ ਮਾਹਿਰ ਸੀ। ਉਹ ਗੁਰੂ ਸਾਹਿਬ ਦੇ ਪਿੱਛੇ-ਪਿੱਛੇ ਰਾਗਾਂ ਵਿੱਚ ਗਾ ਵੀ ਸਕਦਾ ਸੀ। ਚੌਥੀ ਗੱਲ ਇਹ ਹੈ ਕਿ ਮਰਦਾਨਾ ਆਪਣੇ ਪਿਤਾ ਨਾਲ ਜਜ਼ਮਾਨਾਂ ਦੇ ਰਿਸ਼ਤੇ, ਸੁੱਖ-ਸੁਨੇਹਾ ਲੈ ਕੇ ਦੂਰ-ਦੁਰਾਡੇ ਪਿੰਡਾਂ-ਕਸਬਿਆਂ ਵਿੱਚ ਜਾਂਦੇ ਸਨ। ਇਸ ਕੰਮ ਲਈ ਕਈ ਵਾਰ ਉਹ ਪੰਜ-ਸੱਤ ਦਿਨ ਪੈਦਲ ਤੁਰਦੇ ਰਹਿੰਦੇ ਸਨ। ਲੰਬੇ ਪੈਂਡੇ ਕੱਟਣ ਦੇ ਉਹ ਆਦੀ ਸਨ। ਲਿਹਾਜ਼ਾ ਇਕ ਇਹ ਵੀ ਕਾਰਣ ਉਸ ਦੀ ਚੋਣ ਵਿੱਚ ਸਹਾਈ ਹੋਵੇਗਾ ਕਿਉਂ ਜੋ ਗੁਰੂ ਸਾਹਿਬ ਨੂੰ ਪਤਾ ਸੀ ਕਿ ਨਿਰੰਕਾਰ ਦੇ ਅਗੰਮੀ ਸੰਦੇਸ਼ ਨੂੰ ਵਿਸ਼ਵ ਭਰ ਵਿੱਚ ਫੈਲਾਉਣ ਲਈ ਵਰ੍ਹਿਆਂ ਬੱਧੀ ਪੈਦਲ ਚੱਲਣਾ ਹੋਵੇਗਾ। ਪੰਜਵਾਂ ਨੁਕਤਾ ਇਹ ਹੈ ਕਿ ਗੁਰੂ ਸਾਹਿਬ ਮਹਿਸੂਸ ਕਰਦੇ ਹੋਣਗੇ ਕਿ ਉਨ੍ਹਾਂ ਦੇ ਨਾਲ ਜਾਣ ਵਾਲਾ ਸ਼ਖ਼ਸ ਜੰਗਲ ਬੀਆਬਾਨਾਂ ਵਿੱਚ ਭੁੱਖ ਤ੍ਰੇਹ 'ਚ ਸਮਾਂ ਕੱਟ ਸਕਦਾ ਹੋਵੇ। ਮਰਦਾਨਾ ਕਿਉਂਕਿ ਗਰੀਬ ਪਰਿਵਾਰ ਵਿੱਚੋਂ ਸੀ, ਉਸ ਦੀ ਮਾਲੀ ਹਾਲਤ ਕਮਜ਼ੋਰ ਸੀ। ਹੋ ਸਕਦਾ ਹੈ ਕਿ ਉਸ ਦਾ ਪਰਿਵਾਰ ਕਿਸੇ ਵੇਲੇ ਫਾਕੇ ਕੱਟਣ 'ਤੇ ਵੀ ਮਜਬੂਰ ਰਿਹਾ ਹੋਵੇ, ਲਿਹਾਜ਼ਾ ਉਸ ਦੀ ਚੋਣ ਕਰਨ ਵਿੱਚ ਇਕ ਇਹ ਵੀ ਕਾਰਣ ਸਹਾਈ ਹੋ ਸਕਦਾ ਹੈ। ਇਸ ਤਰ੍ਹਾਂ ਨੀਵੀਂ ਜਾਤ ਵਾਲੇ ਨੂੰ ਆਪਣਾ ਸੰਗੀ ਬਣਾ ਕੇ ਵੱਡੀਆਂ ਜਾਤਾਂ-ਕੁਲਾਂ ਵਾਲਿਆਂ ਦਾ ਗੁਰੂ ਸਾਹਿਬ ਨੇ ਗਰੂਰ/ਅਭਿਮਾਨ ਤੋੜਿਆ ਹੈ। ਸੋ ਉਪਰੋਕਤ ਨੁਕਤਿਆਂ ਨੂੰ ਗਹੁ ਨਾਲ ਵਾਚੀਏ ਤਾਂ ਮਰਦਾਨੇ ਦੀ ਚੋਣ ਬਹੁਦਿਸ਼ਾਵੀ, ਸਹੀ ਤੇ ਸਾਰਥਿਕ ਹੋ ਨਿੱਬੜਦੀ ਹੈ, ਜੋ ਸਮਾਜ ਨੂੰ ਪਰੋਖ ਰੂਪ ਵਿੱਚ ਸੇਧ ਵੀ ਦੇ ਜਾਂਦੀ ਹੈ।

ਮਰਦਾਨੇ ਨੇ ਅਣਮਿੱਥੇ ਸਮੇਂ ਲਈ ਅਣਕਿਆਸੇ ਰਾਹਾਂ ਉੱਪਰ ਗੁਰੂ ਸਾਹਿਬ ਨਾਲ ਵਰ੍ਹਿਆਂ-ਬੱਧੀ ਯਾਤਰਾ ਲਈ ਜਾਣਾ ਸੀ। ਮਿਸ਼ਨ ਤੋਂ ਵਾਪਸੀ ਕਦੋਂ ਹੋਏਗੀ, ਇਸ ਬਾਰੇ ਉਸ ਨੂੰ ਵੀ ਕੋਈ ਥਹੁ-ਪਤਾ ਨਹੀਂ ਸੀ। ਜਾਤ ਪਾਤ, ਵਰਣ-ਵੰਡ ਦੇ ਬੰਧਨਾਂ ਨੂੰ ਤਿਆਗ ਕੇ ਉਹ ਨਾਨਕ ਦਾ ਸੰਗੀ ਹੋ, ਉਨ੍ਹਾਂ ਨਾਲ ਹੋ ਤੁਰਿਆ। ਡੂਮ ਮਰਦਾਨਾ ਉਦਾਸੀਆਂ 'ਤੇ ਜਾਣ ਲਈ ਜਦੋਂ ਗੁਰੂ ਸਾਹਿਬ ਦੀ ਤਰ੍ਹਾਂ ਉਦਾਸੀ ਭੇਖ ਧਾਰਣ ਕਰ ਉਦਾਸੀ ਆਰੰਭਦਾ ਹੈ ਤਾਂ ਉਹ ਆਮ ਤੋਂ ਖ਼ਾਸ ਹੋ ਜਾਂਦਾ ਹੈ। ਹੁਣ ਮਰਦਾਨਾ ਉਹ ਡੂਮ ਮਿਰਾਸੀ ਨਹੀਂ ਬਲਕਿ ਗੁਰੂ ਸਾਹਿਬ ਦੇ ਵਿਸ਼ਵੀ ਮਿਸ਼ਨ ਵਿੱਚ ਸ਼ਰੀਕ, ਉਨ੍ਹਾਂ ਦੀ ਓਟ ਵਿੱਚ ਇਕ ਭਾਗੀਦਾਰ ਅਧਿਆਤਮ ਪੁਰਖ ਹੋ ਜਾਂਦਾ ਹੈ। ਇੰਜ ਉਸ ਨੇ ਦੁਸ਼ਵਾਰ ਵਾਸਵਿਕਤਾ ਅਨੁਸਾਰ ਜੀਊਣਾ ਸਿੱਖ ਲਿਆ ਹੋਵੇਗਾ, ਤਾਹੀਓਂ ਤਾਂ ਉਹ ਗੁਰੂ ਸਾਹਿਬ ਦੇ ਮਿਸ਼ਨ ਵਿੱਚ ਅੰਤ ਤੱਕ ਉਨ੍ਹਾਂ ਦਾ ਸਾਥ ਦੇ ਕੇ ਆਪਣੀ ਲਾਮਿਸਾਲ ਦੋਸਤੀ ਦਾ ਸਬੂਤ ਦੇ ਜਾਂਦਾ ਹੈ।

ਇਸ ਦੀਨਦਾਰ ਫ਼ਕੀਰ ਨੇ ਡੁਮੇਟੇ ਮਰਦਾਨੇ ਨਾਲ ਵਿਸ਼ਵ-ਵਿਆਪੀ ਵਰਤਾਰੇ ਰੂਪੀ ਪਹਿਲੀ ਉਦਾਸੀ ਦਾ ਪਹਿਲਾ ਪੜਾਅ ਐਮਨਾਬਾਦ (ਸੈਦਪੁਰ) ਇਲਾਕੇ ਵਿੱਚ ਰਹਿੰਦੇ ਕਿਰਤੀ ਤਰਖਾਣ ਭਾਈ ਲਾਲੋ ਦੇ ਘਰ ਕੀਤਾ। ਜਿਥੇ ਉਹ ਮਲਿਕ ਭਾਗੋ ਦੇ ਛੱਤੀ ਪ੍ਰਕਾਰ ਦੇ ਭੋਜਨ ਪਦਾਰਥ ਛੱਡ ਕੇ ਮਰਦਾਨੇ ਦੇ ਨਾਲ ਭੁੰਜੇ ਬੈਠ ਕੇ ਭਾਈ ਲਾਲੋ ਦਾ ਪ੍ਰਸ਼ਾਦਾ ਛੱਕਦੇ ਹਨ। ਇਥੋਂ ਊਚ-ਨੀਚ ਦਾ ਵੱਖਰੇਵਾਂ ਮਿਟਾ ਕੇ ਵੰਡ ਕੇ ਛਕਣ ਦੀ ਪਰੰਪਰਾ ਦਾ ਰਸਮੀ ਆਗਾਜ਼ ਹੋ ਜਾਂਦਾ ਹੈ। ਉਦਾਸੀਆਂ ਦੌਰਾਨ ਜਦੋਂ ਉਹ ਮੁਸਲਿਮ ਬਹੁਲਤਾ ਵਾਲੇ ਪਿੰਡਾਂ ਵਿੱਚੋਂ ਲੰਘਦੇ ਸਨ ਤਾਂ ਉਹ ਕਬਰ ਨੇੜੇ ਕਿਸੇ ਫ਼ਕੀਰ ਦੇ ਤਕੀਏ ਵਿੱਚ ਠਹਿਰਦੇ ਸਨ। ਉਥੇ ਦੋਵੇਂ ਅੱਲ੍ਹਾ ਦੀ ਉਸਤਤਿ ਵਿੱਚ ਬਾਣੀ ਦਾ ਗਾਇਨ ਕਰਦੇ। ਜਦੋਂ ਮਰਦਾਨਾ ਮਸਜਿਦ ਵਿੱਚ ਨਮਾਜ਼ ਪੜ੍ਹਨ ਲਈ ਜਾਂਦਾ

ਤਾਂ ਗੁਰੂ ਸਾਹਿਬ ਵੀ ਕਈ ਵਾਰ ਉਸ ਦੇ ਨਾਲ ਚਲੇ ਜਾਂਦੇ ਅਤੇ ਕਦੀ ਨਮਾਜ਼ ਵਿੱਚ ਵੀ ਸ਼ਾਮਿਲ ਹੋ ਜਾਂਦੇ। ਗੁਰੂ ਸਾਹਿਬ ਆਪ ਨੀਲੇ ਬਸਤਰ ਪਾ ਕੇ ਮਰਦਾਨੇ ਨੂੰ ਮੱਕਾ ਮਦੀਨਾ ਦੀ ਜ਼ਿਆਰਤ ਕਰਾਉਣ ਲਈ ਨਾਲ ਲੈ ਜਾਂਦੇ ਹਨ। ਉਹ ਜ਼ਿਆਰਤ ਕਰਕੇ ਹਾਜੀ ਬਣ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿੱਚ ਰਹਿ ਕੇ ਮਰਦਾਨਾ ਆਮ ਤੋਂ ਖ਼ਾਸ ਹੁੰਦਿਆਂ ਦੁਨਿਆਵੀ ਮੋਹ, ਮਾਇਆ ਤੇ ਲਾਲਸਾਵਾਂ ਨੂੰ ਤਿਆਗ ਕੇ ਰੱਬੀ ਨੂਰ ਵਿੱਚ ਰੰਗਿਆ ਜਾਂਦਾ ਹੈ। ਉਦਾਸੀਆਂ ਦੌਰਾਨ ਦੋਵੇਂ ਸੁਲਤਾਨਪੁਰ ਲੋਧੀ ਤੋਂ ਲਾਹੌਰ ਜਾਂਦਿਆਂ ਇਕ ਜਗ੍ਹਾ ਅਰਾਮ ਕਰਨ ਲਈ ਰੁਕਦੇ ਹਨ ਅਤੇ ਉਥੇ ਹੀ ਸੌਂ ਜਾਂਦੇ ਹਨ। ਅਗਲੇ ਦਿਨ ਸਵੇਰੇ ਗੁਰੂ ਸਾਹਿਬ ਕਹਿੰਦੇ ਹਨ, "ਮਰਦਾਨਿਆ ਰਬਾਬ ਵਜਾਇ ਬਾਣੀ ਆਈ ਏ।" ਮਰਦਾਨਾ ਰਬਾਬ ਛੇੜ ਲੈਂਦਾ ਹੈ। ਗੁਰੂ ਜੀ ਨੂੰ ਵਜਦ ਵਿੱਚ ਆ ਕੇ ਦੈਵੀ ਇਲਹਾਮ ਹੁੰਦਾ ਹੈ ਤਾਂ ਉਹ ਨਿਰੰਕਾਰ ਦੀ ਉਸਤਤਿ ਵਿੱਚ ਸ਼ਬਦ ਉੱਚਾਰਣ ਕਰਦੇ ਹਨ। ਬਾਅਦ ਵਿੱਚ ਗੁਰੂ ਸਾਹਿਬ ਕੋਲੋਂ ਆਗਿਆ ਲੈ ਕੇ ਮਰਦਾਨਾ ਲਾਗਲੇ ਉੱਪਲ ਖੱਤਰੀਆਂ ਦੇ ਪਿੰਡ ਖਾਣ-ਪੀਣ ਲਈ ਕੁਝ ਲੈਣ ਚਲਾ ਜਾਂਦਾ ਹੈ। ਪਿੰਡ ਵਾਲਿਆਂ ਨੇ ਮਰਦਾਨੇ ਨੂੰ ਕੱਪੜੇ-ਲੀੜੇ ਅਤੇ ਖਾਣ ਲਈ ਕਈ ਕੁਝ ਦੇ ਦਿੱਤਾ। ਜਦੋਂ ਗੁਰੂ ਜੀ ਨੇ ਉਸ ਨੂੰ ਢੇਰ ਸਾਰੇ ਕੱਪੜੇ ਚੁੱਕੀ ਆਉਂਦਿਆਂ ਵੇਖਿਆ ਤਾਂ ਉਨ੍ਹਾਂ ਕਿਹਾ, ''ਮਰਦਾਨਿਆਂ ਇਹ ਸਭ ਕੱਪੜੇ ਗਰੀਬਾਂ ਵਿੱਚ ਵੰਡ ਦਿਓ ਕਿਉਂਕਿ ਦਾਨ ਵਿੱਚ ਲਈਆਂ ਇਹ ਚੀਜ਼ਾਂ ਮਨੁੱਖ ਨੂੰ ਲਾਲਚੀ ਬਣਾਉਂਦੀਆਂ ਹਨ। ਜਾਇਦਾਦ ਇਕੱਠੀ ਕਰਨ ਦੀ ਲਾਲਸਾ ਵਿੱਚ ਉਲਝਿਆ ਲਾਲਚੀ ਬੰਦਾ ਕਦੇ ਵੀ ਮਨੁੱਖਤਾ ਦਾ ਭਲਾ ਨਹੀਂ ਕਰ ਸਕਦਾ।" ਗੁਰੂ ਜੀ ਦੇ ਕਹਿਣ 'ਤੇ ਮਰਦਾਨੇ ਨੇ ਸਾਰੇ ਕੱਪੜੇ ਅਤੇ ਵਾਧੂ ਖਾਣਾ ਗਰੀਬਾਂ ਵਿੱਚ ਵੰਡ ਦਿੱਤਾ ਅਤੇ ਮੁੜ ਕੇ ਮਨ ਵਿੱਚ ਕਦੀ ਲਾਲਚ ਨਹੀਂ ਰੱਖਿਆ।

ਜੇ ਸਾਖੀ ਚਿੱਤਰਾਂ ਬਾਰੇ ਗੱਲ ਕਰੀਏ ਤਾਂ Panj B-40 ਦੀਆਂ 57 ਸਾਖੀਆਂ ਦੇ ਚਿੱਤਰਾਂ ਵਿੱਚ ਮਰਦਾਨਾ ਇਕ ਪ੍ਰਧਾਨ ਪਾਤਰ ਰਿਹਾ ਹੈ। ਜਿਥੇ ਗੁਰੂ ਸਾਹਿਬ ਹਨ, ਉਥੇ ਮਰਦਾਨਾ ਹੈ। ਜੇ ਸਾਖੀ ਵਿੱਚ ਉਸ ਦਾ ਜ਼ਿਕਰ ਨਹੀਂ ਵੀ ਹੈ ਪਰ ਚਿੱਤਰ ਵਿੱਚ ਉਸ ਦੀ ਹਾਜ਼ਰੀ ਪੂਰੀ ਹੈ। ਪਹਿਲੀਆਂ ਚਾਰ ਸਾਖੀਆਂ, ਜੋ ਗੁਰੂ ਸਾਹਿਬ ਦੇ ਬਚਪਨ ਨਾਲ ਸਬੰਧਿਤ ਹਨ, ਜਿਵੇਂ ਸਾਖੀ ਪਾਂਧੇ ਨਾਲ, ਮੱਝਾਂ ਚਰਦੀਆਂ, ਬਿਰਛ ਦੀ ਛਾਂ ਖਲੋਈ, ਮਾਤਾ-ਪਿਤਾ ਬਾਬੇ ਲਈ ਵੈਦ ਬੁਲਾਇਆ ਆਦਿ। ਇਨ੍ਹਾਂ ਸਾਖੀਆਂ ਵਿੱਚ ਮਰਦਾਨੇ ਦਾ ਚਿੱਤਰਣ ਨਹੀਂ, ਬਾਕੀ ਸਾਰੀਆਂ ਸਾਖੀਆਂ ਵਿੱਚ ਮਰਦਾਨੇ ਦਾ ਚਿੱਤਰਣ ਮਹੱਤਵਪੂਰਨ ਰਿਹਾ ਹੈ। ਪੰਜਵੀਂ ਸਾਖੀ ਤੋਂ ਬਾਬਾ ਨਾਨਕ ਨਾਲ ਮਰਦਾਨੇ ਦਾ ਸਾਥ ਸ਼ੁਰੂ ਹੋ ਜਾਂਦਾ ਹੈ। ਇਸ ਸਾਖੀ ਦੇ ਚਿੱਤਰ ਵਿੱਚ ਮਰਦਾਨੇ ਦਾ ਆਕਾਰ ਬਾਬਾ ਨਾਨਕ ਨਾਲੋਂ ਵੱਡਾ ਹੈ ਤੇ ਉਸ ਨੂੰ ਅਗਰ-ਭੂਮੀ ਵਿੱਚ ਰੱਖਦਿਆਂ ਚਿੱਤਰਿਆ ਹੈ, ਜਦਕਿ ਬਾਕੀ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਆਕਾਰ ਮਰਦਾਨੇ ਨਾਲੋਂ ਥੋੜ੍ਹਾ ਵੱਡਾ ਚਿੱਤਰਿਆ ਗਿਆ ਹੈ। ਲਗਭਗ ਸਾਰੇ ਚਿੱਤਰਾਂ ਵਿੱਚ ਮਰਦਾਨੇ ਨੂੰ ਗੁਰੂ ਸਾਹਿਬ ਦੇ ਨਾਲ ਬੈਠਿਆਂ, ਸੱਜਾ ਹੱਥ ਰਬਾਬ 'ਤੇ ਰੱਖੀ, ਉਸ ਨੂੰ ਵਜਾਉਂਦਿਆਂ ਚਿੱਤਰਿਆ ਹੈ। Panj B-40 ਦੀ ਅਠਾਰਵੀਂ ਸਾਖੀ 'ਬਾਬੇ ਤਪੁ ਅਰੰਭਿਆ' ਵਿੱਚ ਮਰਦਾਨੇ ਨੇ ਆਪਣੀ ਸ਼ਿੰਗਾਰੀ ਰਬਾਬ ਜ਼ਮੀਨ ਉੱਤੇ ਇਕ ਪਾਸੇ ਰੱਖੀ ਹੋਈ ਹੈ ਤੇ ਉਹ ਸੋਚੀਂ ਪਿਆ, ਸਿਰ ਨੀਵਾਂ ਕਰ ਕੇ ਸਾਹਮਣੇ ਉਦਾਸ, ਭੁੱਖੇ-ਭਾਣੇ ਬੈਠਾ ਹੈ। ਉਸ ਦੀ ਰਬਾਬ ਚੁੱਪ ਹੈ। ਚਿੱਤਰ ਦੇ ਉੱਪਰਲੇ ਹਿੱਸੇ ਵਿੱਚ ਗੁਰੂ ਸਾਹਿਬ ਦੋਵੇਂ ਹੱਥ ਜੋੜੀ ਨਿਰੰਕਾਰ ਦੀ ਅਰਾਧਨਾ ਕਰ ਰਹੇ ਹਨ। ਉਹ ਆਪ ਤਾਂ ਮੁੱਠ ਰੇਤ ਤੇ ਜ਼ਹਿਰੀਲੇ ਅੱਕ ਦੀਆਂ ਖੱਖੜੀਆਂ ਖਾ ਕੇ ਤੱਪ ਕਰਕੇ ਰੋੜਿਆਂ ਦੀ ਵਿਛਾਈ ਕਰ ਸੌਂ ਲੈਂਦੇ ਹਨ ਪਰ ਮਰਦਾਨੇ ਨੂੰ ਭੁੱਖਣ-ਭਾਣੇ ਗੁਜ਼ਾਰਾ ਕਰਨਾ ਪੈ ਰਿਹਾ ਹੈ। ਭਾਈ ਗੁਰਦਾਸ ਇਸ ਸਥਿਤੀ ਨੂੰ ਆਪਣੀ ਵਾਰ ਵਿੱਚ ਇਉਂ ਬਿਆਨਦੇ ਹਨ:-

ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ। (ਪਉੜੀ-੨੪)

Panj B-40 ਦੀ 19 ਵੀ ਸਾਖੀ 'ਤ੍ਰਿਆ ਰਾਜ ਵਿੱਚ ਬਾਬਾ ਨਾਨਕ ਤੇ ਭੇਡੂ ਮਰਦਾਨਾ' ਵਿੱਚ ਕਾਮਰੂਪ ਦੀਆਂ ਸੁੰਦਰ ਇਸਤਰੀਆਂ ਜੋ ਪਰਾ-ਸੰਸਾਰੀ ਸ਼ਕਤੀ ਦੀਆਂ ਮਾਲਿਕ ਹਨ, ਨੇ ਮਰਦਾਨੇ ਨੂੰ ਭੇਡੂ ਬਣਾਇਆ ਹੈ। ਉਨ੍ਹਾਂ ਨੇ ਹਰ ਤਰ੍ਹਾਂ ਦੇ ਸਾਰੇ ਗਹਿਣੇ ਪਹਿਨ ਕੇ ਪੂਰਾ ਹਾਰ-ਸ਼ਿੰਗਾਰ ਕੀਤਾ ਹੋਇਆ ਹੈ। ਭੇਡੂ ਬਣੇ ਮਰਦਾਨੇ ਨੇ ਬਾਬੇ ਨਾਨਕ ਵੱਲ ਨਜ਼ਰ ਟਿਕਾਈ ਹੈ, ਜੋ ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਆਪਣੇ ਪਹਿਲੇ ਰੂਪ ਵਿੱਚ ਆ ਜਾਂਦਾ ਹੈ। 21 ਵੀਂ ਸਾਖੀ 'ਅੰਗਦ ਜੀ ਭਉਣਿ

ਚਲਿਆ' ਵਿੱਚ ਭਾਈ ਲਹਿਣਾ ਸਾਥੀਆਂ ਨਾਲ ਹੱਥ ਵਿੱਚ ਪਤਾਕਾ ਫੜ੍ਹੀ ਦੁਰਗਾ ਮੰਦਰ ਜਾਂਦੇ ਚਿੱਤਰੇ ਹਨ। ਇਹ ਇਕ ਅਜਿਹੀ ਸਾਖੀ ਹੈ, ਜਿਸ ਵਿੱਚ ਨਾ ਤਾਂ ਗੁਰੂ ਨਾਨਕ ਦੇਵ ਜੀ ਹਨ ਤੇ ਨਾ ਹੀ ਮਰਦਾਨਾ। 24 ਵੀਂ ਸਾਖੀ 'ਬਾਬੇ ਤਪ ਅਰੰਭਿਆ' ਵਿੱਚ ਖ਼ਾਸ ਗੱਲ ਇਹ ਹੈ ਕਿ ਇਕ ਤਾਂ ਮਰਦਾਨੇ ਦੇ ਸ਼ਰੀਰ ਦਾ ਆਕਾਰ ਬਾਬੇ ਨਾਨਕ ਨਾਲੋਂ ਵੱਡਾ ਦਿਖਾਇਆ ਹੈ ਅਤੇ ਦੂਜਾ ਬਾਬੇ ਨਾਨਕ ਵਾਂਗ ਮਰਦਾਨੇ ਦੇ ਮੱਥੇ ਉੱਤੇ ਤਿਲਕ ਲਗਾਇਆ ਹੈ। 37 ਵੀਂ ਸਾਖੀ 'ਬਾਬਾ ਜੀ ਇਕ ਮੁਲਕ ਗਇਆ' ਵਿੱਚ ਬਾਬਾ ਨਾਨਕ ਤੇ ਮਰਦਾਨੇ ਦੀ ਦਾੜ੍ਹੀ ਕਾਲੀ-ਚਿੱਟੀ ਦਿਖਾਈ ਹੈ। ਮਰਦਾਨੇ ਦੀ ਕੱਟੀ ਦਾਹੜੀ ਦੇ ਖਤ ਮੁਸਲਿਮ ਰਵਾਇਤੀ ਹਨ ਪਰ ਦੋਵਾਂ ਦੇ ਮੱਥੇ ਤਿਲਕ ਵਿਹੂਣੇ ਹਨ। 'ਸਾਖੀ ਗੁਰੂ ਬਾਬੇ ਜੀ ਕੀ' ਵਿੱਚ ਗੁਰੂ ਸਾਹਿਬ ਇਕ ਪਟੜੇ 'ਤੇ ਖੜ੍ਹੇ ਨਹਾ ਰਹੇ ਹਨ, ਉਨ੍ਹਾਂ ਸਾਹਮਣੇ ਗੁਰੂ ਅੰਗਦ ਜੀ ਹੱਥ ਬੰਨ੍ਹ ਕੇ ਖੜ੍ਹੇ ਹਨ। ਗੁਰੂ ਅੰਗਦ ਜੀ ਗੁਰੂ ਸਾਹਿਬ ਦਾ ਪਿੰਡਾ ਵਲੂੰਧਰਿਆ ਦੇਖ ਕੇ ਕਾਰਣ ਪੁੱਛਦੇ ਹਨ ਤਾਂ ਗੁਰੂ ਸਾਹਿਬ ਕਹਿੰਦੇ ਹਨ ਕਿ ਦੂਰ ਝਾੜੀਆਂ ਵਿੱਚ ਇਕ ਅੱਯਾਲੀ ਸਿੱਖ ਬੱਕਰੀਆਂ ਚਰਾਉਂਦਾ ਆਰਤੀ ਸੋਹਿਲਾ ਦਾ ਪਾਠ ਕਰ ਰਿਹਾ ਹੈ ਤੇ ਮੇਰਾ ਪ੍ਰਣ ਹੈ, ਜਿਥੇ ਆਰਤੀ ਸੋਹਿਲਾ ਹੋਵੇਗਾ, ਉਥੇ ਜਾਣਾ ਹੈ। ਅਰਥਾਤ ਅੱਯਾਲੀ ਸਿੱਖ ਦੇ ਨਾਲ ਝਾੜੀਆਂ ਵਿੱਚ ਜਾਣ ਨਾਲ ਪਿੰਡਾ ਵਲੂੰਧਰਿਆ ਗਿਆ। ਪਿੰਡੇ ਦੇ ਜ਼ਖ਼ਮ ਸ਼ਾਂਤ ਕਰਨ ਲਈ ਉਹ ਇਸ਼ਨਾਨ ਕਰ ਰਹੇ ਹਨ। ਚਿੱਤਰ ਵਿੱਚ ਗੁਰੂ ਸਾਹਿਬ ਦੇ ਪੈਰਾਂ ਲਾਗੇ ਦੋ ਮਟਕੇ ਪਾਣੀ ਦੇ ਭਰੇ ਪਏ ਹਨ। ਗੁਰੂ ਸਾਹਿਬ ਲੋਟੇ ਨਾਲ ਸਿਰ 'ਤੇ ਪਾਣੀ ਪਾ ਰਹੇ ਹਨ। ਪਾਣੀ ਵਿੱਚ ਜਲ ਦੇਵਤੇ ਦਾ ਵਾਸ ਹੋਣ ਕਰਕੇ ਇਸ਼ਨਾਨ ਕਰਨ ਵਾਲਾ ਨਾਇਕ (ਗੁਰੂ ਸਾਹਿਬ) ਜਲ ਨੂੰ ਪਿੰਡੇ ਉੱਤੇ ਪਾ ਕੇ ਜਲ ਵਿੱਚ ਨਿਵਾਸ ਕਰਦੀ ਪਾਵਨ ਦੇਵ ਸ਼ਕਤੀ ਨੂੰ ਗ੍ਰਹਿਣ ਕਰਨ ਦਾ ਮੋਟਿਫ਼ ਹੈ। ਚਿੱਤਰ ਦੀ ਖ਼ਾਸ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਵਾਲ ਨਹੀਂ ਹਨ, ਸਿਰੋਂ ਗੰਜੇ ਹਨ ਪਰ ਇਕ ਬੋਦੀ ਨਜ਼ਰ ਆ ਰਹੀ ਹੈ ਅਤੇ ਮੱਥੇ ਉੱਤੇ ਤਿਲਕ ਲਗਾਇਆ ਹੋਇਆ ਹੈ। ਉਨ੍ਹਾਂ ਗਲ਼ ਵਿੱਚ ਜਨੇਊ ਤੇ ਰੁਦਰਾਖ਼ਸ਼ ਦੀ ਮਾਲ਼ਾ ਪਹਿਨੀ ਹੈ। ਪੂਰੇ ਸਨਾਤਨੀ ਰੰਗ ਵਿੱਚ ਰੰਗੇ ਇਸ ਚਿੱਤਰ ਵਿੱਚ ਇਕ ਪਾਸੇ ਬੈਠੇ ਭਾਈ ਮਰਦਾਨਾ, ਗੁਰੂ ਸਾਹਿਬ ਤੇ ਗੁਰੂ ਅੰਗਦ ਜੀ ਦੇ ਸੰਵਾਦ ਸੁਣ ਰਹੇ ਹਨ। ਪ੍ਰਤੱਖ ਹੈ ਕਿ ਆਲਮ ਚੰਦ ਰਾਜ ਦੇ ਚਿੱਤਰੇ ਸਮੁੱਚੇ ਚਿੱਤਰਾਂ ਵਿੱਚ ਸਨਾਤਨੀ ਮੱਤ ਕਾਫੀ ਭਾਰੂ ਹੈ ਜਦਕਿ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਨ੍ਹਾਂ ਸਾਖੀਆਂ ਦੇ ਚਿੱਤਰਣ ਸਮੇਂ (1790 ਈ:) ਖਾਲਸਾ ਪੰਥ ਦੀ ਨੀਂਹ ਰੱਖੀ ਜਾ ਚੁੱਕੀ ਸੀ ਅਤੇ ਸਿੱਖ ਧਰਮ ਦਾ ਕਾਫੀ ਪ੍ਰਚਾਰ-ਪ੍ਰਸਾਰ ਹੋ ਚੁੱਕਾ ਸੀ।

'ਬਾਬਾ ਮੱਕੇ, ਮੁਜਾਵਰ ਤੇ ਮਰਦਾਨਾ' ਨਾਮੀ Panj B-40 ਦੀ ਸਾਖੀ ਵਿੱਚਲੇ ਚਿੱਤਰ ਨੂੰ ਚਿਤੇਰੇ ਨੇ ਦੋ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਹਿੱਸੇ ਵਿੱਚ ਬਾਬਾ ਨਾਨਕ ਮੱਕੇ ਦੀ ਮਸੀਤ ਦੇ ਬਾਹਰ ਸੁੱਤੇ ਹੋਏ ਹਨ। ਉਹਨਾਂ ਨੇ ਸਿਰ ਥੱਲੇ ਇਕ ਚਾਦਰ, ਜੋ ਉਹ ਵਿਛਾ ਕੇ ਉੱਪਰ ਬੈਠਦੇ ਹੋਣਗੇ, ਨੂੰ ਸਿਰਹਾਣੇ ਦੇ ਤੌਰ 'ਤੇ ਵਰਤਿਆ ਹੈ। ਉਹਨਾਂ ਦੀ ਦਾੜ੍ਹੀ ਅਤੇ ਭਰਵੱਟੇ ਕਾਲ਼ੇ ਹਨ। ਇਕ ਲੰਬਾ ਕਾਲਾ ਜਨੇਊ ਉਨ੍ਹਾਂ ਧਾਰਨ ਕੀਤਾ ਹੋਇਆ ਹੈ ਅਤੇ ਮੱਥੇ ਉੱਤੇ ਇਕ ਲੰਬਾ ਲਾਲ ਤਿਲਕ ਵੀ ਨਜ਼ਰ ਆ ਰਿਹਾ ਹੈ। ਚਿੱਤਰ ਵਿੱਚ ਦੋਵੇਂ ਨੇਤਰ ਪੂਰੀ ਤਰ੍ਹਾਂ ਬੰਦ ਹਨ। ਉਨ੍ਹਾਂ ਦੇ ਦੋਵੇਂ ਪੈਰ ਮੱਕੇ ਦੀਆਂ ਮਹਿਰਾਬਾਂ ਵੱਲ, ਪਰ ਹਵਾ ਵਿੱਚ ਹਨ, ਜ਼ਮੀਨ ਤੋਂ ਕਾਫੀ ਉਤਾਂਹ। ਇਸ ਦਾ ਅਰਥ ਇਹ ਹੈ ਕਿ ਗੁਰੂ ਸਾਹਿਬ ਨੇਤਰ ਬੰਦ ਕਰਕੇ ਪਰਾ ਸੰਸਾਰੀ ਮੰਡਲਾਂ ਵਿੱਚ ਵਿੱਚਰ ਰਹੇ ਹਨ। ਇਥੇ ਉਨ੍ਹਾਂ ਦੀ ਪੁਸ਼ਾਕ ਨੀਲੇ ਰੰਗ ਦੀ ਹੈ, ਜੋ ਪਰੰਪਰਾ ਅਨੁਸਾਰ ਮੁਸਲਿਮ ਹੱਜ ਕਰਨ ਲੱਗਿਆਂ ਪਹਿਨਦੇ ਹਨ। ਮਰਦਾਨਾ ਖ਼ੁਦ ਮੁਸਲਿਮ ਹੈ, ਜੋ ਮੱਕੇ ਦੀ ਜ਼ਿਆਰਤ ਕਰਨ ਆਇਆ ਹੈ ਪਰ ਚਿੱਤਰਕਾਰ ਨੇ ਉਸ ਦੀ ਪੁਸ਼ਾਕ ਲਾਲ ਰੰਗ ਦੀ ਚਿੱਤਰੀ ਹੈ। ਮਰਦਾਨਾ ਦੇ ਹੱਥ ਵਿੱਚ ਰਬਾਬ ਹੈ, ਉਸ ਦੇ ਸਾਹਮਣੇ ਕਾਜ਼ੀ ਰੁਕਨਦੀਨ ਕਾਲ਼ੇ ਰੰਗ ਦੇ ਲੰਬੇ ਚੋਗੇ ਅਤੇ ਹੱਥ ਵਿੱਚ ਚੱਲਣ ਲਈ ਡਾਂਗ ਫੜ੍ਹੀ, ਹੱਥ ਉਤਾਂਹ ਕਰ ਕੇ ਮਰਦਾਨੇ ਨੂੰ ਸੰਬੋਧਨ ਹੋ, ਬਾਬੇ ਬਾਰੇ ਗੁੱਸੇ ਵਿੱਚ ਤਕਰਾਰ ਕਰ ਰਿਹਾ ਹੈ। ਗੁਰੂ ਜੀ ਨਾਲ ਕਾਜ਼ੀ ਜਦੋਂ ਮਹਿਰਾਬ ਵੱਲ ਲੱਤਾਂ ਦਾ ਵਿਰੋਧ ਕਰਦਾ ਹੈ ਤਾਂ ਉਹ ਕਹਿੰਦੇ ਹਨ ਕਿ ਜਿੱਧਰ ਖ਼ੁਦਾ ਨਹੀਂ ਹੈ, ਓਧਰ ਲੱਤਾਂ ਕਰ ਦੇ। ਭਾਈ ਗੁਰਦਾਸ ਜੀ ਇਹ ਵਾਕਿਆ ਇਉਂ ਬਿਆਨ ਕਰਦੇ ਹਨ:-

ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ ॥੩੨॥

ਮਰਦਾਨਾ ਇਹ ਸਭ ਕੌਤਕ ਦੇਖ ਰਿਹਾ ਹੈ। ਇਸ ਚਿੱਤਰ ਵਿੱਚ ਮਰਦਾਨੇ ਦੀ ਪੱਗੜੀ ਭਾਵੇਂ ਮੁਸਲਿਮ ਸ਼ੈਲੀ ਦੀ ਹੈ

ਪਰ ਲਾਲ ਪੁਸ਼ਾਕ ਅਤੇ ਮੱਥੇ ਉੱਤੇ ਲੰਬਾ ਤਿਲਕ ਲਗਾ ਕੇ ਚਿੱਤਰਕਾਰ ਆਲਮ ਚੰਦ ਮਰਦਾਨੇ ਨੂੰ ਸਨਾਤਨੀ ਰੰਗ ਵਿੱਚ ਹੀ ਕਿਉਂ ਰੰਗਣਾ ਚਾਹੁੰਦਾ ਹੈ? ਕੀ ਉਹ ਬਾਬਾ ਨਾਨਕ ਦੀ ਸੰਗਤ ਵਿੱਚ ਰਹਿ ਕੇ ਮਰਦਾਨੇ ਨੂੰ ਵੀ ਹਿੰਦੂ ਦਿਖਾਉਣਾ ਚਾਹੁੰਦਾ ਹੈ? ਅਜਿਹਾ ਕਰਦਿਆਂ ਚਿੱਤਰਕਾਰ ਵੈਸ਼ਨਵ/ਸਨਾਤਨੀ ਮੱਤ ਵੱਲ ਜ਼ਿਆਦਾ ਸ਼ਰਧਾ ਰੱਖਦਾ ਹੋਇਆ ਲੋੜੋਂ ਵੱਧ ਉਲਾਰ ਹੋ ਗਿਆ ਹੈ। ਦਰਅਸਲ ਇਸ ਚਿੱਤਰਕਾਰ ਨੇ ਪੂਰੀ ਸਾਖੀ ਵਿੱਚ ਮਰਦਾਨੇ ਨੂੰ ਸਿਰਫ ਚਾਰ ਪੰਜ ਚਿੱਤਰਾਂ ਵਿੱਚ ਮਹਿੰਦੀ ਰੰਗ ਦੀ ਪੁਸ਼ਾਕ ਪਹਿਨੀ ਚਿੱਤਰਿਆ ਹੈ, ਬਾਕੀ ਸਭ ਵਿੱਚ ਲਾਲ-ਸੰਧੂਰੀ ਰੰਗ ਦੀ ਪੁਸ਼ਾਕ ਚਿੱਤਰੀ ਹੈ। ਆਲਮ ਚੰਦ ਨੇ ਪੂਰੀ ਜਨਮ ਸਾਖੀ ਵਿੱਚ ਗੁਰੂ ਸਾਹਿਬ ਨੂੰ ਤਾਂ ਪਰੰਪਰਕ ਮੁਸਲਿਮ ਨੀਲੇ ਰੰਗ ਦੀ ਪੁਸ਼ਾਕ ਵਿੱਚ ਚਾਰ ਵਾਰ ਚਿੱਤਰਿਆ ਹੈ ਜਦਕਿ ਮੁਸਲਿਮ ਮਰਦਾਨੇ ਨੂੰ ਇਕ ਵਾਰ ਵੀ ਨਹੀਂ। ਪੁਸ਼ਾਕਾਂ ਦੇ ਇਹ ਰੰਗ ਚਿੱਤਰਕਾਰ ਨੇ ਅਚੇਤ ਪੱਧਰ ਉੱਤੇ ਨਹੀਂ ਬਲਕਿ ਸੁਚੇਤ ਪੱਧਰ 'ਤੇ ਇਕ ਮਕਸਦ ਅਧੀਨ ਵਰਤੇ ਲੱਗਦੇ ਹਨ।

'ਮੱਕੇ ਨੂੰ ਜਾਂਦੇ ਫ਼ਕੀਰ' ਸਾਖੀ ਵਿੱਚ ਮੱਕੇ ਨੂੰ ਜਾਂਦੇ ਫ਼ਕੀਰ ਗੁਰੂ ਸਾਹਿਬ ਨੂੰ ਨਾਲ ਲੈ ਕੇ ਚੱਲਣ ਤੋਂ ਮਨ੍ਹਾ ਕਰ ਦਿੰਦੇ ਹਨ ਕਿਉਂਕਿ ਉਸ ਦੇਸ਼ ਵਿੱਚ ਸੱਈਅਦਾਂ ਦਾ ਰਾਜ ਹੈ, ਜੋ ਹਿੰਦੂਆਂ ਨੂੰ ਮਾਰ ਮੁਕਾਉਂਦੇ ਹਨ। ਉਹ ਮੁਸਲਿਮ ਮਰਦਾਨੇ ਨੂੰ ਵੀ ਨਾਲ ਨਹੀਂ ਲਿਜਾਂਦੇ। ਮੱਕੇ ਨੂੰ ਜਾਣ ਲਈ ਵਰ੍ਹੇ ਦਾ ਪੈਂਡਾ ਸੀ ਪਰ ਜਦੋਂ ਫ਼ਕੀਰ ਮੱਕਾ ਪਹੁੰਚਦੇ ਹਨ, ਗੁਰੂ ਸਾਹਿਬ ਉਨ੍ਹਾਂ ਤੋਂ ਪਹਿਲਾਂ ਪਹੁੰਚ ਜਾਂਦੇ ਹਨ। ਇਸ ਸਾਖੀ ਵਿੱਚ ਗੁਰੂ ਸਾਹਿਬ ਦੀ ਪੁਸ਼ਾਕ ਦਾ ਰੰਗ ਨੀਲਾ ਹੈ ਜਦਕਿ ਮਰਦਾਨਾ ਲਾਲ ਰੰਗ ਦੀ ਪੁਸ਼ਾਕ ਪਹਿਨੀ ਚਿੱਤਰਿਆ ਹੈ। ਕੁਝ ਕੁ ਚਿੱਤਰਾਂ ਵਿੱਚ ਉਸ ਦੀ ਪੁਸ਼ਾਕ ਮਹਿੰਦੀ ਰੰਗ ਦੀ ਹੈ।

Panj B-40 ਦੀ ਬਾਬਾ ਨਾਨਕ ਅਤੇ ਕਬੀਰ ਵਾਲੀ ਸਾਖੀ ਵਿੱਚ ਗੁਰੂ ਸਾਹਿਬ ਕਬੀਰ ਦੇ ਨਾਲ ਥੋੜ੍ਹੇ ਉੱਚੇ ਤਲ 'ਤੇ ਬੈਠੇ ਚਿੱਤਰੇ ਹਨ। ਗੁਰੂ ਸਾਹਿਬ ਦੀ ਟੋਪੀ ਦਾ ਡਿਜ਼ਾਇਨ ਕਬੀਰ ਜੀ ਦੀ ਟੋਪੀ ਵਾਂਗ ਹੀ ਹੈ ਪਰ ਗੁਰੂ ਸਾਹਿਬ ਦੀ ਟੋਪੀ ਥੋੜ੍ਹੀ ਵੱਖਰੀ ਵਿਸ਼ੇਸ਼ ਹੈ। ਪੀਲੀ ਬਿੰਦੀਆਂ ਵਾਲੀਆਂ ਟੋਪੀਆਂ ਦਾ ਲਾਲ ਰੰਗ ਦੋਵਾਂ ਦੀ ਹਮ-ਆਤਮੀਅਤਾ ਨੂੰ ਦਰਸਾਉਂਦਾ ਹੈ। ਗੁਰੂ ਸਾਹਿਬ ਦੇ ਚੋਲੇ ਦਾ ਰੰਗ ਪੀਲਾ ਅਤੇ ਕਬੀਰ ਜੀ ਦੇ ਚੋਲੇ ਦਾ ਰੰਗ ਸਫ਼ੈਦ ਹੈ। ਗੁਰੂ ਸਾਹਿਬ ਦੀਆਂ ਅੱਖਾਂ ਖੁੱਲ੍ਹੀਆਂ ਅਤੇ ਨਿਗਾਹ ਹਮਵਾਰ ਹੈ ਪਰ ਕਬੀਰ ਜੀ ਦੀਆਂ ਦੋਵੇਂ ਅੱਖਾਂ ਬੰਦ ਹਨ। ਗੁਰੂ ਸਾਹਿਬ ਦੀ ਪਿੱਠ ਤੋਂ ਥੋੜ੍ਹਾ ਅੱਗੇ ਹਰੇ ਭਰੇ ਦਰਖ਼ਤ ਉੱਤੇ ਫਲ਼ ਲੱਗੇ ਹੋਏ ਹਨ ਜਦਕਿ ਕਬੀਰ ਜੀ ਦੀ ਪਿੱਠ ਪਿੱਛੇ ਦਰਖ਼ਤ ਉੱਤੇ ਫੁੱਲ ਲੱਗੇ ਹੋਏ ਹਨ। ਫੁੱਲ ਅਤੇ ਫ਼ਲ ਦਾ ਮੋਟਿਫ਼ ਕਈ ਵੱਖਰੇਵੇਂ ਕਰ ਜਾਂਦਾ ਹੈ। ਦਰਖ਼ਤ ਅਤੇ ਅਕਾਸ਼ ਵਿੱਚ ਪੰਛੀਆਂ ਦੀ ਹਲਚਲ ਚਿੱਤਰੀ ਗਈ ਹੈ। ਦੋਵਾਂ ਦੇ ਹੱਥ ਵਿੱਚ ਸਿਮਰਨਾ, ਗਲ਼ ਵਿੱਚ ਲੰਬੀ ਮਾਲਾ ਅਤੇ ਮੱਥੇ ਉੱਤੇ ਲੰਬਾ ਲਾਲ ਤਿਲਕ ਹੈ। ਆਹਮੋ-ਸਾਹਮਣੇ ਬੈਠੇ ਦੋਵੇਂ ਮਹਾਂਪੁਰਸ਼ਾਂ ਦੇ ਚਿਹਰਿਆਂ ਦਾ ਤਿੰਨ-ਚੌਥਾਈ ਚਿੱਤਰਣ ਹੈ ਜਦ ਕਿ ਗੁਰੂ ਸਾਹਿਬ ਦੀ ਦਿੱਖ ਤੋਂ ਇਲਾਵਾ ਹੋਰਨਾਂ ਪਾਤਰਾਂ ਦੇ ਚਿੱਤਰਾਂ ਵਿੱਚ ਅਜਿਹਾ ਨਹੀਂ ਹੁੰਦਾ। ਚਿੱਤਰ ਦੇ ਹੇਠਲੇ ਹਿੱਸੇ ਵਿੱਚ ਮਰਦਾਨਾ ਰਬਾਬ 'ਤੇ ਸੰਗੀਤ ਛੇੜ ਰਿਹਾ ਹੈ। ਉਸ ਦੀ ਨਿਗਾਹ ਉਤਾਂਹ ਗੁਰੂ ਸਾਹਿਬ ਵੱਲ ਹੈ।

ਮੁਸਲਿਮ ਮਰਦਾਨੇ ਦੀ ਦੋਸਤੀ ਗੁਰੂ ਸਾਹਿਬ ਨਾਲ ਪੀਢੀ ਤਾਂ ਰਹੀ ਪਰ ਉਸ ਨੇ ਨਾ ਤਾਂ ਆਪਣਾ ਧਰਮ ਛੱਡਿਆ ਤੇ ਨਾ ਹੀ ਉਹ ਸਿੱਖ ਮੱਤ ਦੇ ਵਿਰੋਧ ਵਿੱਚ ਖੜ੍ਹਾ ਹੋਇਆ। ਉਦਾਸੀਆਂ ਦੌਰਾਨ ਰਾਹ ਵਿੱਚ ਮਸੀਤ ਆਉਂਦੀ ਤਾਂ ਮਰਦਾਨਾ ਨਮਾਜ਼ ਪੜ੍ਹਦਾ, ਗੁਰੂ ਸਾਹਿਬ ਵੀ ਨਾਲ ਚਲੇ ਜਾਂਦੇ। ਮਰਦਾਨੇ ਦੀ ਖ਼ਾਹਿਸ਼ ਪੂਰੀ ਕਰਦਿਆਂ ਉਸ ਨੂੰ ਜ਼ਿਆਰਤ ਕਰਾਉਣ ਲਈ ਮੱਕੇ ਲੈ ਕੇ ਜਾਂਦੇ ਹਨ। ਇਥੇ ਗੁਰੂ ਸਾਹਿਬ ਪੂਰਵ ਮਿਥਿਤ ਧਾਰਨਾਵਾਂ ਨੂੰ ਤੋੜਨ ਲਈ ਮੱਕੇ ਵੱਲ ਪੈਰ ਕਰ ਕੇ ਸੌਂ ਜਾਂਦੇ ਹਨ। ਜਾਣੀਜਾਣ ਗੁਰੂ ਸਾਹਿਬ ਨੂੰ ਪਤਾ ਸੀ ਕਿ ਇਸ ਕਰਮ ਦਾ ਵਿਰੋਧ ਹੋਵੇਗਾ ਅਤੇ ਕਾਜ਼ੀ ਰੁਕਨਦੀਨ ਇਹ ਸਭ ਦੇਖ ਕੇ ਵਿਰੋਧ ਵਿੱਚ ਆ ਖੜ੍ਹਾ ਹੋਇਆ। ਉਸੇ ਤਰ੍ਹਾਂ ਜਿਵੇਂ ਬਗ਼ਦਾਦ ਵਿੱਚ ਗੁਰੂ ਸਾਹਿਬ ਨੂੰ ਪਤਾ ਸੀ ਕਿ ਇਥੇ ਰਬਾਬ (ਸੰਗੀਤ) ਵਜਾਉਣ ਦੀ ਮਨਾਹੀ ਹੈ ਪਰ ਫਿਰ ਵੀ ਮਰਦਾਨੇ ਵੱਲੋਂ ਸੰਗੀਤ ਵਜਾਇਆ ਗਿਆ। ਇਥੇ ਉਨ੍ਹਾਂ ਦੋਵਾਂ ਨੂੰ ਪੀਰ ਦਸਤਗ਼ੀਰ ਦੇ ਵਿਰੋਧ ਦਾ ਟਾਕਰਾ ਕਰਨਾ ਪੈਂਦਾ ਹੈ:

ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।

ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।
-ਭਾਈ ਗੁਰਦਾਸ ਜੀ ਵਾਰਾਂ (ਪਉੜੀ-੩੫)

ਮਰਦਾਨੇ ਦੀ ਰਬਾਬ ਵੱਜਦਿਆਂ ਗੁਰੂ ਸਾਹਿਬ ਦਾ ਮਨ ਨਿਰੰਕਾਰ ਨਾਲ ਅਭੇਦ ਹੋ ਕੇ ਇਕਸੁਰ ਹੋ ਜਾਂਦਾ ਹੈ ਅਤੇ ਪੀਰ ਅਬਦੁੱਲ ਕਾਦਿਰ (ਪੀਰ ਦਸਤਗ਼ੀਰ) ਗੁਰੂ ਸਾਹਿਬ ਨਾਲ ਆ ਕੇ ਤਕਰਾਰ ਕਰਨ ਲੱਗ ਜਾਂਦਾ ਹੈ:

ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ॥
-ਭਾਈ ਗੁਰਦਾਸ ਜੀ ਵਾਰਾਂ (ਪਉੜੀ-੩੬)

ਇਥੇ ਗੁਰੂ ਸਾਹਿਬ ਨੂੰ ਸੰਗਸਾਰ ਕਰਨ (ਪੱਥਰ ਮਾਰ-ਮਾਰ ਕੇ ਮਾਰਣ) ਦਾ ਹੁਕਮ ਦੇ ਦਿੱਤਾ ਜਾਂਦਾ ਹੈ। ਮੱਕੇ ਅਤੇ ਬਗਦਾਦ ਦੋਵੇਂ ਜਗ੍ਹਾ ਬਾਣੀ ਤੇ ਤਰਕ ਨਾਲ ਹਰਾ ਕੇ ਗੁਰੂ ਸਾਹਿਬ ਨੇ ਮੌਲਾਣਿਆਂ ਨੂੰ ਸ਼ਾਂਤ ਕੀਤਾ।

ਹੱਥ ਲਿਖਤ ਜਨਮ ਸਾਖੀ ਦੇ ਚਿੱਤਰਾਂ ਵਿੱਚ ਮਰਦਾਨੇ ਦੇ ਨਾਲ ਨਾਲ ਤੁਰਦਿਆਂ ਗੁਰੂ ਸਾਹਿਬ ਅਤੇ ਮਰਦਾਨੇ ਦੀ ਆਤਮਿਕ ਸਮਰੂਪਤਾ ਦਾ ਪ੍ਰਗਟਾਅ ਦਿਸਦਾ ਹੈ। ਉਦਾਸੀਆਂ ਦੌਰਾਨ ਗੁਰੂ ਸਾਹਿਬ ਅਤੇ ਮਰਦਾਨਾ ਜਿਸ ਦੇਸ਼ ਵਿੱਚ ਵੀ ਗਏ, ਗੁਰੂ ਸਾਹਿਬ ਨੂੰ ਤਾਂ ਉਥੋਂ ਦੀ ਸਥਾਨਕ ਵੇਸ਼ਭੂਸ਼ਾ ਪਹਿਨੇ ਚਿੱਤਰਿਆ ਗਿਆ ਹੈ ਪਰ ਮਰਦਾਨੇ ਦੇ ਪਹਿਰਾਵੇ ਵਿੱਚ ਕੋਈ ਜ਼ਿਆਦਾ ਫਰਕ ਨਹੀਂ। ਸਾਖੀ ਚਿੱਤਰਾਂ ਵਿੱਚ ਮਰਦਾਨੇ ਨੂੰ ਗੂੜ੍ਹੇ ਪੀਲੇ ਤੇ ਕਈ ਵਾਰ ਲਾਲ ਰੰਗ ਦਾ ਲੰਮਾ ਚੋਲ੍ਹਾ ਪਹਿਨੀ, ਪੀਲੇ ਰੰਗ ਦਾ ਕਢਾਈਦਾਰ ਕਮਰਕੱਸਾ ਬੰਨ੍ਹੀ ਦਿਖਾਇਆ ਗਿਆ ਹੈ। ਚਿੱਤਰਾਂ ਵਿੱਚ ਗੁਰੂ ਸਾਹਿਬ ਦੀ ਸੁਹਜਾਤਮਿਕ ਦਿੱਖ ਦੇ ਮੁਕਾਬਲੇ ਮਰਦਾਨੇ ਦੇ ਨੈਣ-ਨਕਸ਼ ਹਲਕੇ ਫਰਕ ਨਾਲ ਚਿੱਤਰੇ ਗਏ ਹਨ। B-40 ਜਨਮ ਸਾਖੀ ਦੇ ਸਾਰੇ ਚਿੱਤਰਾਂ ਵਿੱਚ ਮਰਦਾਨੇ ਨੂੰ ਹਮੇਸ਼ਾਂ ਮੁਗ਼ਲ ਸ਼ੈਲੀ ਦੀ ਪੱਗੜੀ ਪਹਿਨੇ ਤੇ ਬਹੁਤੀ ਥਾਂ ਉਸ ਨੂੰ ਵੈਸ਼ਨਵ ਹਿੰਦੂਆਂ ਵਾਂਗ ਮੱਥੇ 'ਤੇ ਲੰਬਾ ਲਾਲ ਤਿਲਕ ਲਗਾਈ ਇਕ ਚਸ਼ਮ ਹੀ ਚਿੱਤਰਿਆ ਹੈ। ਚਿੱਤਰਕਾਰ ਕੋਈ ਵੀ ਹੋਵੇ, ਭਾਵੇਂ ਹੱਥ ਲਿਖਤਾਂ ਵਿੱਚਲੇ ਸਾਖੀ ਚਿੱਤਰ ਚਿੱਤਰਣ ਵਾਲਾ ਜਾਂ ਫਿਰ ਕਿਸੇ ਥਾਂ ਦਾ ਕੋਈ ਕੰਧ ਚਿੱਤਰ, ਮਰਦਾਨੇ ਨੂੰ ਰਬਾਬ ਤੋਂ ਸੰਗੀਤ ਸਿਰਜਦਿਆਂ ਹੀ ਚਿੱਤਰਿਤ ਕੀਤਾ ਗਿਆ ਹੈ।

Panj B-40 ਜਨਮ ਸਾਖੀ ਵਿੱਚ ਗੁਰੂ ਨਾਨਕ ਸਾਹਿਬ ਦੇ ਬਚਪਨ ਦੀਆਂ ਪਹਿਲੀਆਂ ਚਾਰ ਸਾਖੀਆਂ ਤੋਂ ਬਾਅਦ ਦੀਆਂ ਸਾਰੀਆਂ ਸਾਖੀਆਂ ਉਦਾਸੀਆਂ ਨਾਲ ਸਬੰਧਿਤ ਹਨ। ਸਿਰਫ ਦੋ ਸਾਖੀਆਂ ਗੁਰੂ ਅੰਗਦ ਦੇਵ ਜੀ ਨਾਲ ਸਬੰਧਿਤ ਹਨ। ਦੋਵਾਂ ਵਿੱਚ ਗੁਰੂ ਅੰਗਦ ਜੀ ਦਾ ਆਪੋ ਵਿੱਚ ਮੁਹਾਂਦਰਾ ਨਹੀਂ ਮਿਲਦਾ। ਇਹਨਾਂ ਚਾਰੇ ਉਦਾਸੀਆਂ ਤੋਂ ਬਾਅਦ ਦੇ ਪੰਦਰਾਂ ਵਰ੍ਹਿਆਂ ਦੇ ਕਰਤਾਰਪੁਰ ਸਾਹਿਬ ਵਿਖੇ ਕਿਆਮ ਦਾ ਕਿਤੇ ਵੀ ਜ਼ਿਕਰ ਨਹੀਂ ਤੇ ਨਾ ਹੀ ਮਰਦਾਨੇ ਅਤੇ ਗੁਰੂ ਸਾਹਿਬ ਦੇ ਆਖ਼ਰੀ ਵਕਤਾਂ ਦਾ ਜ਼ਿਕਰ ਹੈ। ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਬਹੁਤ ਪ੍ਰਚਾਰੇ ਜਾਂਦੇ ਦੂਸਰੇ ਸਾਥੀ ਭਾਈ ਬਾਲਾ ਦਾ ਤਾਂ ਕਿਤੇ ਵੀ ਜ਼ਿਕਰ ਜਾਂ ਚਿੱਤਰਣ ਨਹੀਂ। ਇਸ ਤਰ੍ਹਾਂ B-40 ਦੀਆਂ ਸਾਖੀਆਂ ਪੜ੍ਹਨ-ਦੇਖਣ ਤੋਂ ਬਾਅਦ ਇਸ ਗੱਲ ਦੀ ਪ੍ਰੋੜਤਾ ਨੂੰ ਹੋਰ ਬਲ ਮਿਲ ਜਾਂਦਾ ਹੈ ਕਿ ਭਾਈ ਬਾਲੇ ਦਾ ਪਾਤਰ ਇਕ ਮਿਥਿਹਾਸਕ ਪਾਤਰ ਹੈ। ਹੋਰਨਾਂ ਸਾਖੀਆਂ ਦੀ ਤਰ੍ਹਾਂ Panj B-40 ਦੇ ਸਾਖੀ ਚਿੱਤਰਾਂ ਵਿੱਚ ਗੁਰੂ ਬਾਬੇ ਦੀ ਟਹਿਲ ਸੇਵਾ ਲਈ ਕੋਈ ਵੀ ਪਾਤਰ ਯਾਨਿ ਬਾਲਾ ਪਿੱਛੇ ਖੜ੍ਹਾ ਚਉਰ ਕਰਦਾ ਨਹੀਂ ਚਿੱਤਰਿਆ ਗਿਆ। ਲਗਭਗ ਹਰ ਚਿੱਤਰ ਵਿੱਚ ਮਰਦਾਨੇ ਦੀ ਪ੍ਰਧਾਨਤਾ ਹੈ।

ਦੂਜੇ ਪਾਸੇ ਗੁਰਦੁਆਰਾ ਬਾਬਾ ਅਟੱਲ, ਅਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਮਰਦਾਨੇ ਦੇ ਆਖ਼ਰੀ ਵਕਤ ਤੱਕ ਦੀਆਂ ਅਨੇਕਾਂ ਸਾਖੀਆਂ ਨੂੰ ਮੁੱਖ ਉਪਾਸਨਾ ਗ੍ਰਹਿ ਦੀ ਦੂਜੀ ਮੰਜ਼ਿਲ ਦੀਆਂ ਕੰਧਾਂ ਉੱਤੇ ਚਿੱਤਰਿਤ ਕੀਤਾ ਹੈ, ਜੋ ਅੱਜ ਵੀ ਕਾਫ਼ੀ ਚੰਗੀ ਹਾਲਤ ਵਿੱਚ ਹਨ। ਗੁਰਦੁਆਰਾ ਸਾਹਿਬ ਦੀਆਂ ਮਹਿਰਾਬ ਰੂਪੀ ਕੰਧਾਂ ਜਾਂ ਖਿੜਕੀਆਂ ਤੋਂ ਉੱਪਰ ਆਲ਼ੇ ਵਿੱਚ ਵੀ ਬਚੀ ਜਗ੍ਹਾ 'ਤੇ ਵੀ ਚਿੱਤਰ ਸਿਰਜਣਾ ਹੋਈ ਹੈ। ਇਥੇ ਕਾਫੀ ਅਜਿਹੀਆਂ ਸਾਖੀਆਂ ਹਨ, ਜੋ Panj B-40 ਜਨਮ ਸਾਖੀ ਵਿੱਚ ਬਿਲਕੁੱਲ ਨਹੀਂ ਮਿਲਦੀਆਂ। ਇਸ ਗੁਰਦੁਆਰਾ ਸਾਹਿਬ ਦੇ ਜਨਮ ਸਾਖੀ ਚਿੱਤਰ, ਜੋ ਜੈਮਲ

ਸਿੰਘ ਨਕਾਸ਼, ਹੁਕਮ ਸਿੰਘ ਨਕਾਸ਼ ਅਤੇ ਮਤਾਬ ਸਿੰਘ ਨਕਾਸ਼ ਨੇ ਚਿੱਤਰੇ ਹਨ, ਦਾ ਪ੍ਰਧਾਨ ਵਿਸ਼ਾ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਰਤਾਂਤ ਹੈ। ਇਥੋਂ ਦੇ ਚਿੱਤਰਾਂ ਵਿੱਚ ਮਰਦਾਨੇ ਦੇ ਨਾਲ-ਨਾਲ ਬਾਲੇ ਦੀ ਪ੍ਰਧਾਨਤਾ ਜ਼ਿਆਦਾ ਹੈ। ਬਾਲੇ ਨੂੰ ਵਧੀਆ ਪੁਸ਼ਾਕ ਪਹਿਨੀ, ਸਿਰ ਉੱਤੇ ਲਾਲ ਰੰਗ ਦੀ ਥੋੜ੍ਹੀ ਲੰਮੀ ਵੱਖਰੀ ਤਰ੍ਹਾਂ ਦੀ ਟੋਪੀ ਪਾਈ ਚਿੱਤਰਿਆ ਹੈ। ਕੁਝ ਕੁ ਚਿੱਤਰਾਂ ਵਿੱਚ ਇਕੱਲਾ ਬਾਲਾ ਲਾਲ ਪੁਸ਼ਾਕ ਪਹਿਨੀ ਨਜ਼ਰ ਆ ਰਿਹਾ ਹੈ। ਬਾਲੇ ਨੇ ਹੱਥ ਵਿੱਚ ਮੋਰ ਦੇ ਖੰਭਾਂ ਵਾਲਾ ਚਉਰ ਫੜ੍ਹਿਆ ਹੈ। ਇਨ੍ਹਾਂ ਕੰਧ ਚਿੱਤਰਾਂ ਵਿੱਚ ਬਾਲੇ ਦੀ ਉਪਸਥਿਤੀ ਜ਼ਿਆਦਾ ਪਰ ਮਰਦਾਨਾ ਘੱਟ ਨਜ਼ਰ ਆ ਰਿਹਾ ਹੈ। Panj B-40 ਦੇ ਚਿੱਤਰਾਂ ਵਿੱਚ ਮਰਦਾਨੇ ਦੀ ਪੁਸ਼ਾਕ ਕਿਤੇ ਵੀ ਨੀਲੇ ਰੰਗ ਦੀ ਨਹੀਂ ਚਿੱਤਰੀ ਗਈ ਸੀ ਪਰ ਇਸ ਦੇ ਉਲਟ ਬਾਬਾ ਅਟੱਲ ਦੇ ਕੰਧ ਚਿੱਤਰਾਂ ਵਿੱਚ ਮਰਦਾਨੇ ਦੀ ਪੁਸ਼ਾਕ ਬਹੁਤੀ ਵਾਰ ਹਲਕੇ ਨੀਲੇ ਰੰਗ ਦੀ ਹੀ ਚਿੱਤਰੀ ਗਈ ਹੈ, ਜੋ ਰਬਾਬ ਵਜਾ ਰਿਹਾ ਹੈ। ਇਨ੍ਹਾਂ ਕੰਧ ਚਿੱਤਰਾਂ ਵਿੱਚ ਕਈ ਜਗ੍ਹਾ ਦਰਖ਼ਤ ਅਤੇ ਨੀਲਾ ਅਸਮਾਨ ਤਾਂ ਚਿੱਤਰਿਆ ਹੈ ਪਰੰਤੂ ਪੰਛੀ ਕੋਈ ਵੀ ਨਹੀਂ ਦਿਸਦਾ। ਜਦਕਿ B-40 ਦੇ ਚਿੱਤਰਾਂ ਵਿੱਚ ਜੋੜੇ ਦੇ ਰੂਪ ਵਿੱਚ ਪੰਛੀ ਬੈਠੇ ਅਤੇ ਉੱਡਦੇ ਚਿੱਤਰੇ ਗਏ ਹਨ। ਕੰਧ ਚਿੱਤਰਕਾਰਾਂ ਨੂੰ ਪੰਛੀਆਂ ਦਾ ਚਿੱਤਰਣ ਵੀ ਕਰਨਾ ਚਾਹੀਦਾ ਸੀ ਕਿਉਂਕਿ ਪੰਛੀਆਂ ਦੀ ਦਿਸ਼ਾ ਅਤੇ ਦਸ਼ਾ ਵੀ ਕਈ ਅਰਥ ਬਿਆਨ ਜਾਂਦੇ ਹਨ। ਇਥੇ ਸਾਖੀ ਚਿੱਤਰਾਂ ਨੂੰ ਇਕ ਦੂਜੇ ਨਾਲੋਂ ਵੱਖਰਿਆਉਣ ਲਈ ਵੇਲਨੁਮਾ ਬਾਰਡਰ ਬਣਾਇਆ ਗਿਆ ਹੈ।

ਕੰਧ ਚਿੱਤਰਾਂ ਵਿੱਚ ਜਨਮ ਸਾਖੀ ਦੀ ਵਿਆਖਿਆ ਦੇ ਵਿਸਤਾਰ ਲਈ ਪਾਤਰ ਬਹੁਤ ਜ਼ਿਆਦਾ ਚਿੱਤਰੇ ਹਨ। ਬਹੁ ਪਾਤਰੀ ਹੋਣ ਕਰਕੇ ਉਨ੍ਹਾਂ ਦੇ ਨਾਂਅ ਅਤੇ ਉਨ੍ਹਾਂ ਦੀ ਕਾਰਜ ਤੇ ਕਿਰਿਆ ਬਾਰੇ ਵੀ ਨਾਲ ਲਿਖਿਆ ਗਿਆ ਹੈ। ਸਾਖੀਆਂ ਦਾ ਵੇਰਵਾ ਗੁਰਮੁਖੀ ਵਿੱਚ ਲਿਖ ਕੇ ਜਨ ਸਾਧਾਰਣ ਲਈ ਸਮਝਣਾ ਹੋਰ ਵੀ ਸੁਖਾਲਾ ਕੀਤਾ ਹੈ। ਇਸ ਤਰ੍ਹਾਂ ਚਿੱਤਰਕਾਰਾਂ ਨੇ ਕਈ ਚਿੱਤਰ ਜੁਗਤਾਂ ਸੰਦਰਭ ਅਤੇ ਸਿੱਧਾਂਤ ਦੀ ਸਪਸ਼ਟਤਾ ਦੀ ਲੋੜ ਕਰਕੇ ਵਰਤੀਆਂ ਹਨ। ਗੁਰਦੁਆਰਾ ਬਾਬਾ ਅਟੱਲ ਦੇ ਇਨ੍ਹਾਂ ਕੰਧ ਚਿੱਤਰਾਂ ਦੀਆਂ ਸਾਖੀਆਂ ਵਿੱਚਲੀਆਂ ਘਟਨਾਵਾਂ ਨੂੰ ਡੂੰਘਿਆਈ ਨਾਲ ਜਦੋਂ ਦਰਸ਼ਕ ਵੇਖਦਾ ਹੈ ਤਾਂ ਉਹ ਪਰਾਭੌਤਿਕ ਮੰਡਲਾਂ ਵਿੱਚ ਵਿੱਚਰਣ ਲਗ ਜਾਂਦਾ ਹੈ ਕਿਉਂਕਿ ਉਹ ਗੁਰੂ ਸਾਹਿਬ ਦੇ ਕਰਾਮਾਤੀ ਪ੍ਰਕਾਰਜ ਨੂੰ ਬੜੀ ਸ਼ਰਧਾ ਭਾਵਨਾ ਨਾਲ ਚਿਤਵਦਾ ਹੈ। ਕਾਰਣ ਸਪਸ਼ਟ ਹਨ ਕਿਉਂ ਜੋ ਉਸ ਵੇਲੇ ਲੋਕਾਂ ਦਾ ਧਰਮ ਵੱਲ ਖਾਸਾ ਰੁਝਾਨ ਸੀ। ਸੋ ਜਨਮ ਸਾਖੀਆਂ ਵਿੱਚ ਕਰਾਮਾਤੀ ਮੋਟਿਫਾਂ ਦੀ ਭਰਮਾਰ ਹੈ, ਜਿਵੇਂ ਸੱਪ ਦਾ ਛਾਂ ਕਰਨਾ, ਜੱਟ ਦਾ ਖੇਤ ਹਰਿਆ ਹੋ ਜਾਣਾ, ਮਰਦਾਨੇ ਦਾ ਭੇਡੂ ਬਣ ਜਾਣਾ, ਮੱਕੇ ਦਾ ਭੌਂਅ ਜਾਣਾ, ਕਲਜੁੱਗ ਨਾਲ ਭੇਂਟ ਆਦਿ। ਕੌਡੇ ਰਾਖਸ਼ ਵੱਲੋਂ ਮਰਦਾਨੇ ਨੂੰ ਤੱਪਦੇ ਕੜਾਹੇ ਵਿੱਚ ਸੁੱਟਣ ਵਾਲੀ ਸਾਖੀ ਵਿੱਚ ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਨਾਲ ਕੜਾਹਾ ਸੀਤਲ ਹੋ ਜਾਂਦਾ ਹੈ ਤੇ ਮਰਦਾਨੇ ਦੀ ਜਾਨ ਬਖਸ਼ੀ ਹੋ ਜਾਂਦੀ ਹੈ। ਇਥੇ ਮਰਦਾਨਾ ਇਕ ਦੁਨਿਆਵੀ ਪਾਤਰ ਹੈ। ਤੱਪਦੇ ਕੜਾਹੇ ਦਾ ਮੋਟਿਫ ਮਰਦਾਨੇ ਨੂੰ ਭੈਅ ਦੀ ਅਵਸਥਾ ਵਿੱਚ ਪਹੁੰਚਾ ਦਿੰਦਾ ਹੈ ਜਦਕਿ ਗੁਰੂ ਸਾਹਿਬ ਦੇ ਕਰਾਮਾਤੀ ਪ੍ਰਕਾਰਜ ਮਰਦਾਨੇ ਨੂੰ ਨਿਰਭੈਅ ਦੀ ਅਵਸਥਾ ਵਿੱਚ ਲਿਆ ਕੇ ਗਿਆਨ ਦੀ ਸੋਝੀ ਕਰਾ ਦਿੰਦੇ ਹਨ। ਇਸ ਤਰ੍ਹਾਂ ਗੁਰੂ ਸਾਹਿਬ ਮਰਦਾਨੇ ਦੇ ਡਰ-ਸਹਿਮ, ਸ਼ੰਕਾਵਾਂ, ਸਮੱਸਿਆਵਾਂ ਦਾ ਦੈਵੀ ਸ਼ਕਤੀਆਂ ਨਾਲ ਹੱਲ ਕਰਦੇ ਹਨ। ਕੌਤਕੀ ਵਰਤਾਰੇ ਜਾਂ ਕਰਾਮਾਤਾਂ ਅੱਜ ਦੇ ਪ੍ਰਸੰਗ ਵਿੱਚ ਭਾਵੇਂ ਵਿਗਿਆਨਕ ਨਹੀਂ ਭਾਸਦੀਆਂ ਪਰ ਕਲਾਤਮਿਕ ਪੱਖੋਂ ਵਾਚੀਏ ਤਾਂ ਇਹ ਕੰਧ ਚਿੱਤਰ ਉੱਤਮ ਦਰਜੇ ਦੀਆਂ ਜੀਵੰਤ ਕਲਾ ਕਿਰਤਾਂ ਹਨ। ਇਸ ਤਰ੍ਹਾਂ ਕੰਧ ਚਿੱਤਰਾਂ ਦਾ ਜਦੋਂ ਅਸੀਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਾਨੂੰ ਉਸ ਵੇਲੇ ਦੇ ਅਧੋਗਤੀ ਵੱਲ ਜਾ ਰਹੇ ਸਮਾਜਿਕ ਹਾਲਾਤਾਂ ਦੀ ਪੇਸ਼ਕਾਰੀ ਦਿਖਦੀ ਹੈ।

ਮਰਦਾਨਾ ਜਿੱਥੇ ਗੁਰੂ ਸਾਹਿਬ ਦਾ ਪ੍ਰਮਾਣਿਕ ਹਮਸਫ਼ਰ ਹੈ, ਉਨ੍ਹਾਂ ਨਾਲ ਵਰ੍ਹਿਆਂ-ਬੱਧੀ ਵਿੱਚਰਦਾ, ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਅੰਗ ਹੈ, ਉਥੇ ਉਹ ਜਨ ਸਾਧਾਰਣ ਅਤੇ ਭੋਲੇ-ਭਾਲੇ ਲੋਕਾਂ ਦਾ ਵੀ ਪ੍ਰਤੀਕ ਹੈ। ਚਾਰੇ ਉਦਾਸੀਆਂ ਦੌਰਾਨ ਪੂਰੇ ਵਿਸ਼ਵ ਨੂੰ ਦੈਵੀ ਉਪਦੇਸ਼ ਦੇ ਕੇ ਸਾਲਾਂ ਬਾਅਦ ਜਦੋਂ ਗੁਰੂ ਸਾਹਿਬ ਤੇ ਮਰਦਾਨਾ ਕਰਤਾਰਪੁਰ ਆ ਗਏ ਤਾਂ ਮਰਦਾਨਾ ਬਿਮਾਰ ਪੈ ਗਿਆ। ਮਿਹਰਬਾਨ ਵਾਲੀ ਸਾਖੀ ਅਨੁਸਾਰ ਗੁਰੂ ਸਾਹਿਬ ਨੇ ਮਰਦਾਨੇ ਦਾ ਅੰਤ ਨੇੜੇ ਆਉਂਦਿਆਂ ਵੇਖ ਕੇ ਮਰਦਾਨੇ ਨੂੰ ਉਸ ਦੀ ਦੇਹ ਦੀਆਂ ਅੰਤਿਮ ਰਸਮਾਂ ਬਾਰੇ ਪੁੱਛਿਆ ਕਿ ਕੀ ਦੇਹ ਨੂੰ ਦਫਨਾ ਕੇ ਇਕ ਮਕਬਰਾ ਬਣਾ ਦਿੱਤਾ ਜਾਏ, ਵਹਾਅ ਦਿੱਤਾ ਜਾਏ ਜਾਂ ਫਿਰ ਅਗਨ ਭੇਂਟ ਕਰ ਦਿੱਤਾ ਜਾਏ। ਮਰਦਾਨੇ ਨੇ ਆਖਿਆ ਕਿ ਜਦੋਂ ਮੇਰੀ ਆਤਮਾ ਸ਼ਰੀਰ

ਜਿਸ ਨੂੰ ਗੁਰੂ ਨਾਨਕ ਦੇਵ ਜੀ ਦੀ 974 ਸ਼ਬਦਾਂ 'ਚ ਰਚੀ ਬਾਣੀ ਨੂੰ 19 ਰਾਗਾਂ ਵਿੱਚ ਗਾਉਣ ਦਾ ਸ਼ਰਫ਼ ਹਾਸਿਲ ਹੈ। ਰਾਗਾਂ ਦਾ ਗਾਇਨ ਅਧਿਆਤਮਕ ਮੰਡਲਾਂ ਵਿੱਚ ਪ੍ਰਵੇਸ਼ ਕਰਨ ਦਾ ਜ਼ਰੀਆ ਹੈ। ਗੁਰੂ ਸਾਹਿਬ ਵਿਸ਼ਵ ਦੇ ਉਹ ਪਹਿਲੇ ਦੈਵੀ ਪੁਰਸ਼ ਹੋਏ, ਜਿਨ੍ਹਾਂ ਅਕਾਲ ਪੁਰਖ ਦੀ ਉਸਤਤਿ/ਬੰਦਗੀ ਬਾਣੀ ਦੇ ਰੂਪ ਵਿੱਚ ਰਾਗ ਦੇ ਆਧਾਰ 'ਤੇ ਖ਼ੁਦ ਗਾ ਕੇ ਕੀਤੀ। ਗੁਰਬਾਣੀ ਦੀ ਸਿਰਜਣ ਪ੍ਰਕਿਰਿਆ ਦੀ ਸ਼ਕਤੀ ਵਰਤਦਿਆਂ ਉਸ ਦੇ ਉੱਚਾਰਣ ਦੇ ਨਾਲ ਗੁਰੂ ਸਾਹਿਬ ਇਕ ਵਿਸ਼ੇਸ਼ ਮੱਤ (ਸਿੱਖ) ਅਤੇ ਧਰਮ ਦੇ ਸੰਕਲਪ ਨੂੰ ਸਹਿਜੇ ਹੀ ਦ੍ਰਿਸ਼ਟੀ ਗੋਚਰ ਕਰ ਜਾਂਦੇ ਹਨ। ਇਸ ਤਰ੍ਹਾਂ ਬਾਣੀ ਉੱਚਾਰਣ ਦੀ ਜੁਗਤ ਗੁਰ ਆਸ਼ੇ ਦੀ ਪੂਰਤੀ ਵਿੱਚ ਸਹਾਇਕ ਹੋ ਨਿੱਬੜਦੀ ਹੈ। ਪੁਰਾਤਨ ਜਨਮ ਸਾਖੀ ਵਿੱਚ ਇਉਂ ਲਿਖਿਆ ਹੈ, "ਬਾਬੇ ਆਖਿਆ ਮਰਦਾਨਿਆ ਸਿਰੀ ਰਾਗ ਵਜਾਇ॥" ਸੋ ਇਹ ਮਰਦਾਨੇ ਦੀ ਰਬਾਬ ਵਿੱਚੋਂ ਨਿਕਲੇ ਰਾਗ ਦੀਆਂ ਮਧੁਰ ਸੰਗੀਤਕ ਧੁਨਾਂ ਹੀ ਸਨ, ਜਿਨ੍ਹਾਂ ਬਾਣੀ ਦੇ ਪ੍ਰਗਾਸੇ ਸ਼ਬਦਾਂ ਨਾਲ ਏਕਾਤਮ ਹੋ ਸ੍ਰਿਸ਼ਟੀ ਵਿੱਚ ਅਧਿਆਤਮਿਕ ਨੂਰ ਦਾ ਛੱਟਾ ਦੇ ਕੇ ਬੇਕਰਾਰ ਰੂਹਾਂ ਨੂੰ ਸਰਸ਼ਾਰ ਕਰ ਦਿੱਤਾ।

ਮਰਦਾਨਾ ਭਾਵੇਂ ਗੁਰੂ ਸਾਹਿਬ ਦੇ ਪਰਿਵਾਰ ਦਾ ਹਿੱਸਾ ਨਹੀਂ ਪਰ ਗੁਰੂ ਸਾਹਿਬ ਦਾ ਹੀ ਇਕ ਅੰਗ ਹੈ, ਜੋ ਸਦਾ ਸੰਗ ਹੈ। ਮਰਦਾਨੇ ਦਾ ਅਨਿੱਖੜ ਅੰਗ ਉਸ ਦੀ ਰਬਾਬ ਹੈ। ਚਿੱਤਰਾਂ ਵਿੱਚ ਹੀ ਨਹੀਂ ਬਲਕਿ ਪੂਰੇ ਸੰਸਾਰ ਵਿੱਚ 'ਰਬਾਬ' ਦਾ ਬਿੰਬ ਮਰਦਾਨੇ ਦੇ ਨਾਂਅ ਨਾਲ ਰੂੜ੍ਹ ਹੋ ਗਿਆ। ਭਾਵ ਜਿੱਥੇ ਮਰਦਾਨਾ, ਉਥੇ ਰਬਾਬ। ਚਿੱਤਰਕਾਰਾਂ ਨੇ ਮਰਦਾਨੇ ਨੂੰ ਬਿਨਾਂ ਰਬਾਬ ਤੋਂ ਕਦੀ ਨਹੀਂ ਚਿੱਤਰਿਆ। ਦਰਅਸਲ ਮਰਦਾਨਾ ਅਤੇ ਰਬਾਬ ਇਕ ਦੂਜੇ ਦੇ ਪੂਰਕ ਹਨ, ਜਿਸ ਤੋਂ ਬਿਨਾਂ ਉਸ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ, ਉਵੇਂ ਹੀ ਜਿਵੇਂ ਬਾਲੇ ਨੂੰ ਚਉਰ ਤੋਂ ਬਿਨਾਂ। ਗੁਰੂ ਸਾਹਿਬ ਨੂੰ ਵਜਦ ਦੀ ਅਵਸਥਾ ਤੱਕ ਪਹੁੰਚਾਉਣ ਲਈ ਮਰਦਾਨੇ ਦੀ ਰਬਾਬ ਦੀਆਂ ਸੰਗੀਤਕ ਤਰੰਗਾਂ ਹੀ ਸਨ, ਜਿਨ੍ਹਾਂ ਨੇ ਬਾਣੀ ਦੇ ਉੱਤਰਣ ਵਿੱਚ ਅਹਿਮ ਭੂਮਿਕਾ ਨਿਭਾਈ।

ਮਰਦਾਨੇ ਦੀ ਗੁਰੂ ਸਾਹਿਬ ਨਾਲ ਏਨੀ ਨੇੜਤਾ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਇਕ ਵਾਰ ਗੁਰੂ ਸਾਹਿਬ ਨੇ ਆਖਿਆ, 'ਮਰਦਾਨਿਆ ਜਿਥੇ ਤੇਰਾ ਵਾਸਾ, ਉਥੇ ਮੇਰਾ ਵਾਸਾ'। ਮਰਦਾਨਾ ਪਹਿਲਾ ਸਿੱਖ ਅਨੁਯਾਈ ਸੀ, ਜਿਸ ਨੇ ਆਪਣੇ ਸਲੋਕਾਂ ਵਿੱਚ ਗੁਰੂ ਸਾਹਿਬ ਦਾ ਨਾਮ ਵਰਤਿਆ ਹੈ। ਮਰਦਾਨੇ ਨੇ ਆਪਣੇ ਆਪ ਨੂੰ ਮਰਦਾਨਾ ਨਾਨਕ ਕਿਹਾ ਹੈ। ਬਿਹਾਗੜੇ ਕੀ ਵਾਰ ਦੇ ਦੋ ਸਲੋਕ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਮੁੱਖ ਕਰਕੇ ਲਿਖੇ ਹਨ:

ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥
ਮਰਦਾਨਾ ੧ ॥
ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥

ਗੁਰੂ ਸਾਹਿਬ ਦੇ ਨਾਲ ਰਹਿ ਕੇ ਮਰਦਾਨਾ ਇਨ੍ਹਾਂ ਪੰਜ ਗੁਣਾਂ ਦਾ ਧਾਰਨੀ ਹੋ ਗਿਆ। ਮਰਦਾਨਾ ਗੁਰੂ ਦਾ ਹੁਕਮ ਮੰਨਣ ਵਾਲਾ, ਪਿਆਰ ਕਰਨ ਵਾਲਾ ਸੱਚਾ, ਸਬਰ ਸੰਤੋਖੀ, ਨਿਮਰ ਅਤੇ ਹਮਦਰਦੀ ਰੱਖਣ ਵਾਲਾ ਹੋ ਗਿਆ, ਜਿਸ ਨੂੰ ਗੁਰੂ ਸਾਹਿਬ ਨੇ 'ਸੰਤ ਪੁਰਸ਼' ਦਾ ਖਿਤਾਬ ਦੇ ਦਿੱਤਾ ਸੀ। ਸਾਰੀ ਉਮਰ ਗੁਰੂ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਰਹੇ ਮਰਦਾਨੇ ਦੀ ਦੋਸਤੀ ਗੁਰੂ ਸਾਹਿਬ ਨਾਲ ਸਮਾਨਤਾ ਵਾਲੀ ਹੈ। ਉਹ ਹਿੰਦੂ-ਮੁਸਲਿਮ ਦੇ ਧਾਰਮਿਕ ਵੱਖਰੇਵੇਂ ਵਿੱਚ ਨਹੀਂ ਪੈਂਦੇ ਬਲਕਿ ਦੋਵੇਂ ਸਿੱਖ ਹਨ, ਜੋ ਸੰਸਾਰ ਵਿੱਚ ਇਸ ਮੱਤ ਦੇ ਪ੍ਰਚਾਰ-ਪ੍ਰਸਾਰ ਦਾ ਹੋਕਾ ਦਿੰਦੇ ਰਹੇ।

ਮੁਸਲਿਮ ਮਰਦਾਨੇ ਨੇ ਭਾਵੇਂ ਧਰਮ ਪਰਿਵਰਤਨ ਨਹੀਂ ਕੀਤਾ ਪਰ ਉਹ ਪੰਥ ਦਾ ਪਲੇਠਾ ਸਿੱਖ ਸੀ, ਜੋ ਗੁਰੂ ਆਸ਼ੇ

ਰੂਪੀ ਮਕਬਰੇ ਨੂੰ ਛੱਡ ਕੇ ਚਲੇ ਜਾਏਗੀ ਤਾਂ ਸ਼ਰੀਰ ਨੂੰ ਪੱਥਰ ਦੇ ਮਕਬਰੇ ਵਿੱਚ ਕੈਦ ਕਰਕੇ ਰੱਖਣ ਦੀ ਕੀ ਲੋੜ? ਇਹ ਸੁਣਦਿਆਂ ਗੁਰੂ ਸਾਹਿਬ ਨੇ ਕਿਹਾ, "ਮਰਦਾਨਿਆਂ! ਤੂੰ ਅਸਲ ਪਾਰਬ੍ਰਹਮ ਨੂੰ ਪਛਾਣ ਲਿਆ ਹੈ, ਤੂੰ ਹੀ ਅਸਲੀ ਬ੍ਰਾਹਮਣ ਹੈਂ। ਅਸੀਂ ਤੇਰੀ ਦੇਹ ਦਾ ਸਸਕਾਰ ਕਰਕੇ ਜਲ ਪ੍ਰਵਾਹ ਕਰਾਂਗੇ।"

ਜਨਮ ਸਾਖੀ ਅਨੁਸਾਰ ਅਗਲੀ ਸਵੇਰ ਭਾਈ ਮਰਦਾਨਾ ਰਾਵੀ ਨਦੀ ਦੇ ਕੰਢੇ ਉੱਤੇ ਪਰਮਾਤਮਾ ਵੱਲ ਧਿਆਨ ਕੇਂਦ੍ਰਿਤ ਕਰ ਕੇ ਬੈਠ ਗਏ ਤਾਂ ਉਹਨਾਂ ਦੀ ਰੂਹ ਤਾਬੂਤ ਰੂਪੀ ਸ਼ਰੀਰ 'ਚੋਂ (12 ਨਵੰਬਰ 1534) ਆਜ਼ਾਦ ਹੋ ਗਈ।

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ॥
ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ॥੩੨॥ (ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-੯੩੪)

ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੀ ਮਦਦ ਨਾਲ ਮਰਦਾਨੇ ਦੀ ਦੇਹ ਦਾ ਹੱਥੀਂ ਸਸਕਾਰ ਕਰਕੇ ਰਾਖ ਰਾਵੀ ਨਦੀ ਵਿੱਚ ਜਲ ਪ੍ਰਵਾਹ ਕਰ ਦਿੱਤੀ। ਗੁਰੂ ਨਾਨਕ ਸਾਹਿਬ ਵੱਲੋਂ ਕੀਰਤਨ ਸੋਹਿਲੇ ਦੇ ਪਾਠ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਗੁਰੂ ਸਾਹਿਬ ਨੇ ਮਰਦਾਨੇ ਦੇ ਪੁੱਤਰ ਸ਼ਹਿਜ਼ਾਦ ਤੇ ਉਸ ਦੇ ਰੋਂਦੇ ਰਿਸ਼ਤੇਦਾਰਾਂ ਨੂੰ ਵਿਰਲਾਪ ਕਰਨ ਤੋਂ ਮਨ੍ਹਾ ਕੀਤਾ ਤੇ ਕਿਹਾ ਕਿ ਮਰਦਾਨਾ ਸਵਰਗ ਰੂਪੀ ਘਰ ਵੱਲ ਚਲੇ ਗਏ ਹਨ। ਕੁਝ ਸਾਖੀਆਂ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਮਰਦਾਨੇ ਨੇ ਆਖਰੀ ਸਾਹ ਬਗਦਾਦ ਵਿੱਚ ਲਿਆ ਪਰ ਤੱਥ ਇਸ ਦਾਅਵੇ ਨੂੰ ਝੁਠਲਾਉਂਦੇ ਹਨ।

ਇਕ ਹੋਰ ਮੱਤ ਅਨੁਸਾਰ ਉਹਨਾਂ ਦਾ ਦੇਹਾਂਤ 13 ਮੱਘਰ 1581 ਵਿੱਚ ਅਫਗਾਨਿਸਤਾਨ ਦੇ ਕੁੱਰਮ ਨਗਰ ਦੇ ਕੁੱਰਮ ਦਰਿਆ ਨੇੜੇ ਹੋਇਆ। ਗੁਰਦੁਆਰਾ ਬਾਬਾ ਅਟੱਲ ਦਾ ਇਕ ਕੰਧ ਚਿੱਤਰ ਮਰਦਾਨੇ ਦੀ ਅੰਤਿਮ ਯਾਤਰਾ ਦਾ ਪੂਰਾ ਵਿਸਥਾਰ ਦਿੰਦਾ ਹੈ। ਇਸ ਕੰਧ ਚਿੱਤਰ ਵਿੱਚ ਲਿਖਿਆ ਗਿਆ ਹੈ ਕਿ ਮਰਦਾਨੇ ਨੇ ਆਪਣੀ ਹਯਾਤੀ ਦਾ ਅੰਤਿਮ ਸਾਹ ਖੁਰਮ ਸ਼ਹਿਰ ਵਿੱਚ ਲਿਆ, ਜੋ ਦੂਰ ਦਰਖ਼ਤਾਂ ਤੋਂ ਪਰੇ ਘੁੱਗ ਵੱਸਦਾ ਨਜ਼ਰ ਆ ਰਿਹਾ ਹੈ। ਚਿੱਤਰ ਵਿੱਚ ਮਰਦਾਨੇ ਦੀ ਮ੍ਰਿਤਕ ਦੇਹ ਸਫ਼ੈਦ ਕਫਨ ਵਿੱਚ ਵਲੇਟੀ ਪਈ ਹੈ। ਉਸ ਦੇ ਸਿਰਹਾਣੇ ਉਸ ਦੀ ਰਬਾਬ ਵੀ ਕੱਪੜੇ ਵਿੱਚ ਵਲੇਟੀ ਰੱਖੀ ਹੈ। ਮਰਦਾਨੇ ਦੀ ਜਿੰਦ-ਜਾਨ 'ਰਬਾਬ' ਲਪੇਟ ਕੇ ਮ੍ਰਿਤਕ ਦੇਹ ਦੇ ਸਿਰਹਾਣੇ ਰੱਖਣ ਦੇ ਪ੍ਰਤੀਕਾਤਮਿਕ ਅਰਥ ਇਹ ਹਨ ਕਿ ਇਹ ਵੀ ਮਰਦਾਨੇ ਬਗ਼ੈਰ ਨਿਰਜਿੰਦ ਹੋ ਗਈ ਹੈ। ਮਰਦਾਨੇ ਦੀ ਰਬਾਬ ਬੇਜਾਨ ਹੋ ਜਾਣ ਨਾਲ ਗੁਰਮਤਿ ਸੰਗੀਤ ਦਾ ਪਲੇਠਾ ਅਧਿਆਇ ਸੰਪੰਨ ਹੋ ਗਿਆ। ਇਸ ਮਾਰਮਿਕ ਚਿੱਤਰ ਵਿੱਚ ਭਰੇ ਮਨ ਨਾਲ ਭਾਈ ਬਾਲਾ, ਮਰਦਾਨੇ ਦੇ ਦਾਹ ਸਸਕਾਰ ਲਈ ਲੱਕੜੀਆਂ ਇਕੱਠੀਆਂ ਕਰ ਰਿਹਾ ਹੈ। ਗੁਰੂ ਸਾਹਿਬ ਮਰਦਾਨੇ ਦੇ ਸਿਰ ਵਾਲੇ ਪਾਸੇ ਇਕ ਦਰਖ਼ਤ ਹੇਠਾਂ ਲੰਮਾ ਸਿਮਰਨਾ ਫੜ੍ਹੀ ਬੈਠੇ ਹੋਏ ਹਨ। ਉਹ ਮਰਦਾਨੇ ਦਾ ਸਾਥ ਛੁੱਟ ਜਾਣ ਕਰਕੇ ਦੁੱਖੀ ਹਿਰਦੇ ਨਾਲ ਪਰ ਸ਼ਾਂਤ ਚਿੱਤ, ਅਡੋਲ ਨਜ਼ਰ ਆ ਰਹੇ ਹਨ। ਜਿਸ ਅਕਾਲ ਨੂੰ ਸਤਿਗੁਰਾਂ ਨੇ ਗੁਰੂ ਧਾਰਿਆ, ਉਹੋ ਮਰਦਾਨੇ ਦਾ ਗੁਰੂ ਸੀ। ਉਹ ਗੁਰੂ ਘਰ ਦਾ ਪਹਿਲਾ ਗੁਰਮਤਿ ਸੰਗੀਤ ਵਾਦਕ ਸੀ। ਗੁਰ ਬਾਣੀ ਨੂੰ ਗੁਰੂ ਦੇ ਮੁੱਖ ਤੋਂ ਸੁਣਨ ਦਾ ਸ਼ਰਫ਼ ਸਭ ਤੋਂ ਪਹਿਲਾਂ ਮਰਦਾਨੇ ਨੂੰ ਹੀ ਹਾਸਿਲ ਹੋਇਆ। ਕਿਹਾ ਜਾਂਦਾ ਹੈ ਕਿ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਹਰਿਦਾਸ ਜੀ ਮਰਦਾਨਾ ਦੇ ਸ਼ਾਗਿਰਦ ਸਨ।

ਮਰਦਾਨੇ ਦੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿਣ ਉਪਰੰਤ ਉਸ ਦੇ ਦੋਵੇਂ ਬੇਟੇ ਸ਼ਹਿਜਾਦ ਤੇ ਰਜਾਦਾ ਗੁਰੂ ਸਾਹਿਬ ਦੀ ਹਜੂਰੀ ਵਿੱਚ ਆ ਗਏ। ਸ਼ਹਿਜ਼ਾਦ ਗੁਰੂ ਸਾਹਿਬ ਦੇ ਆਖ਼ਰੀ ਵਕਤ ਤੱਕ ਉਨ੍ਹਾਂ ਦੀ ਸੇਵਾ ਵਿੱਚ ਰਿਹਾ। ਰਜਾਦਾ ਤਾਂ ਕਰਤਾਰਪੁਰ ਆ ਗਿਆ ਅਤੇ ਸ਼ਹਿਜ਼ਾਦ ਬਾਅਦ ਵਿੱਚ ਗੁਰੂ ਅੰਗਦ ਜੀ ਦੇ ਦਰਬਾਰ ਵਿੱਚ ਗਾਇਨ ਕਰਦਾ ਰਿਹਾ। ਸ਼ਹਿਜ਼ਾਦ ਦੇ ਦੋ ਬੇਟੇ ਸਨ, ਬੰਨੂ ਤੇ ਸਾਲੂ, ਜੋ ਗੁਰੂ ਅਮਰ ਦਾਸ ਅਤੇ ਗੁਰੂ ਰਾਮਦਾਸ ਜੀ ਦੇ ਦਰਬਾਰੀ ਰਾਗੀ ਸਨ। ਉਨ੍ਹਾਂ ਦੇ ਪੁੱਤਰ ਸੱਤਾ ਤੇ ਬਲਵੰਡ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਗਾਇਨ ਕਰਦੇ ਰਹੇ।

ਇਸ ਤਰ੍ਹਾਂ ਮਰਦਾਨੇ ਨਾਲ ਗੁਰੂ ਸਾਹਿਬ ਦੀ ਮਿੱਤਰਤਾ ਬਚਪਨ ਤੋਂ ਲੈ ਕੇ ਆਖਰੀ ਸਾਹ ਤੱਕ ਰਹੀ, ਤਾਂ ਹੀ ਮਰਦਾਨਾ ਅਕਸਰ ਕਿਹਾ ਕਰਦੇ ਸੀ, 'ਨਾਨਕ ਰੱਬ ਦਾ ਡੂਮ, ਮੈਂ ਨਾਨਕ ਦਾ ਡੂਮ॥' ਚਾਰੇ ਉਦਾਸੀਆਂ ਦੌਰਾਨ ਉਨ੍ਹਾਂ ਦੇ ਹਮਸਫਰ ਰਹੇ ਇਸ ਰਬਾਬੀ ਮਰਦਾਨੇ ਨੇ ਬਾਬੇ ਨਾਨਕ ਦੀ ਰਚਨਾਤਮਿਕ ਪ੍ਰਵਿਰਤੀ ਨੂੰ ਪ੍ਰਜਵਲਿਤ ਕਰਨ ਵਿੱਚ ਆਪਣੇ ਸੰਗੀਤ ਨਾਲ ਸਿਰਜਣਾਤਮਿਕ ਸਹਿਯੋਗ ਦਿਤਾ। ਮਰਦਾਨਾ ਗੁਰਮਤਿ ਇਤਿਹਾਸ ਦਾ ਪਲੇਠਾ ਕੀਰਤਨੀਆ ਹੋਇਆ ਹੈ,

ਅਨੁਸਾਰ ਵਿੱਚਰਿਆ ਵੀ ਤੇ ਜੀਵਿਆ ਵੀ। ਉਸ ਦਾ ਗੁਰੂ ਸਾਹਿਬ ਦੇ ਖੱਤਰੀ ਹੋਣ ਨਾਲ ਕੋਈ ਟਕਰਾਅ ਨਹੀਂ। ਉਸ ਨੇ ਗੁਰੂ ਸਾਹਿਬ ਦੇ ਕ੍ਰਾਂਤੀਕਾਰੀ ਮਿਸ਼ਨ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਆਪਣੀ ਸਾਰੀ ਉਮਰ ਗੁਰੂ ਦੇ ਲੇਖੇ ਲਾ ਦਿੱਤੀ। ਮਰਦਾਨਾ ਗੁਰੂ ਨਾਨਕ ਦੇਵ ਜੀ ਨੂੰ ਬਾਣੀ ਉੱਤਰਣ ਵੇਲੇ ਰਬਾਬ 'ਤੇ ਮਧੁਰ ਸੰਗੀਤਕ ਧੁਨਾਂ ਛੇੜ ਕੇ ਉਨ੍ਹਾਂ ਪਲਾਂ ਨੂੰ ਇਲਾਹੀ ਕਰ ਅਧਿਆਤਮ ਦਾ ਪਾਂਧੀ ਹੋ ਗਿਆ। ਤਾਹੀਓਂ ਤਾਂ ਭਾਈ ਗੁਰਦਾਸ ਨੇ ਆਪਣੀ ਵਾਰ ਵਿੱਚ ਇਉਂ ਬਿਆਨ ਕੀਤਾ ਹੈ:

'ਇਕੁ ਬਾਬਾ ਅਕਾਲ ਰੂਪੁ, ਦੂਜਾ ਰਬਾਬੀ ਮਰਦਾਨਾ'

ਦਰਅਸਲ ਜਨਮ ਸਾਖੀ ਚਿੱਤਰਾਂ ਵਿੱਚ ਮਰਦਾਨੇ ਦਾ ਬਿੰਬ ਰਬਾਬ ਨਾਲ ਹੀ ਉੱਸਰਦਾ ਹੈ। ਰਬਾਬ ਹੀ ਮਰਦਾਨੇ ਦੀ ਪਛਾਣ ਹੈ। ਰਬਾਬ ਬਿਨਾਂ ਮਰਦਾਨਾ ਅਧੂਰਾ ਹੈ, ਜਿਸ ਦੇ ਬਗ਼ੈਰ ਉਸ ਦਾ ਤਸਵੁੱਰ ਹੀ ਨਹੀਂ ਕੀਤਾ ਜਾ ਸਕਦਾ। ਭਾਈ ਫਿਰੰਦੇ ਦੀ ਬਣੀ ਰਬਾਬ ਵਜਾਉਂਦਿਆਂ ਮਰਦਾਨਾ ਵੀ ਇਕ ਇਲਾਹੀ ਪੁਰਖ ਹੋ ਗਿਆ, ਜਿਸ ਨੇ ਗੁਰੂ ਸਾਹਿਬ ਤੇ ਉਨ੍ਹਾਂ ਦੀ ਬਾਣੀ/ਪ੍ਰਵਚਨਾਂ ਨੂੰ ਇੰਨਾ ਨੇੜੇ ਹੋ ਕੇ ਸੁਣਿਆ ਸੀ ਅਤੇ ਉਹਨਾਂ ਦੀ ਰੱਬੀ ਸੰਗਤ ਮਾਣੀ ਸੀ। ਸੋ ਜਨਮ ਸਾਖੀ ਚਿੱਤਰਾਂ ਵਿੱਚ ਮਰਦਾਨੇ ਦੇ ਨਾਲ-ਨਾਲ ਤੁਰਦਿਆਂ ਅਸਾਂ ਮਰਦਾਨੇ ਦੀ ਸਾਦੀ, ਨਿਰਛਲ, ਸਿਰੜੀ, ਈਮਾਨਦਾਰ, ਵਫਾਦਾਰ, ਆਗਿਆਕਾਰੀ ਸ਼ਖ਼ਸੀਅਤ ਦੇ ਹਰ ਰੂਪ, ਹਰ ਪੱਖ ਅਤੇ ਸਨੇਹ ਸਮੇਤ ਉੱਚਕੋਟੀ ਦੇ ਇਸ ਮਹਾਨ ਸੰਗੀਤਕਾਰ ਦੁਆਰਾ ਛੇੜੀਆਂ ਇਲਾਹੀ ਧੁਨਾਂ ਦੀ ਬਾਰਿਸ਼ ਦਾ ਆਨੰਦ ਵੀ ਮਾਣਿਆ। ਮਰਦਾਨਾ ਅਨੇਕਾਂ ਰਾਗ ਅਤੇ ਰਾਗਣੀਆਂ ਨੂੰ ਗਾਉਣ ਵਿੱਚ ਮਾਹਿਰ ਸੀ, ਜੋ ਗੁਰੂ ਘਰ ਦਾ ਪਹਿਲਾ ਕੀਰਤਨੀਆ ਹੋ ਨਿਬੜਿਆ। ਇਹ ਮਰਦਾਨੇ ਦੀ ਰਬਾਬ ਦਾ ਸੰਗੀਤ ਹੀ ਸੀ, ਜਿਸ ਦੀ ਪੁੱਠ ਦੇ ਕੇ ਗੁਰੂ ਸਾਹਿਬ ਨੇ ਕੁਰਾਹੇ ਪਈ ਲੋਕਾਈ ਨੂੰ ਜਾਗ੍ਰਿਤ ਕੀਤਾ। ਮਰਦਾਨੇ ਦੀ ਰਬਾਬ ਦੇ ਸੰਗੀਤ ਅਤੇ ਗੁਰ-ਸ਼ਬਦ ਦੀ ਮਧੁਰ ਆਵਾਜ਼ ਸੁਣ ਕੇ ਖ਼ਲਕਤ ਦੂਰੋਂ ਖਿੱਚੀ ਚਲੀ ਆਉਂਦੀ ਸੀ। ਇਹ ਹੀ ਨਹੀਂ ਰੂਹਾਨੀਅਤ ਦੇ ਇਸ ਮੁਜੱਸਮੇ ਨੇ ਗੁਰੂ ਸਾਹਿਬ ਨਾਲ ਸਿਰਫ਼ ਬਾਬਰ ਦੀ ਜੇਲ੍ਹ ਹੀ ਨਹੀਂ ਕੱਟੀ ਬਲਕਿ ਕਈ ਵਾਰ ਮੀਂਹ, ਹਨੇਰੀ, ਝੱਖੜ, ਤੱਪਦੀਆਂ ਦੁਪਹਿਰਾਂ, ਬਰਫਾਨੀ ਸਰਦ ਰਾਤਾਂ 'ਚ, ਜੰਗਲਾਂ ਬੀਆਬਾਨਾਂ ਦੇ ਬਿਖੜੇ ਪੈਂਡਿਆਂ ਦੌਰਾਨ ਭੁੱਖੇ-ਭਾਣੇ ਮਿਸ਼ਨ ਦੀ ਪੂਰਤੀ ਲਈ ਗੁਰੂ ਸਾਹਿਬ ਦਾ ਪੂਰਨ ਰੂਪ ਵਿੱਚ ਸਾਥ ਦਿਤਾ। ਭਾਵੇਂ ਮਰਦਾਨੇ ਨੂੰ ਪਲੇਠੇ ਸਿੱਖ ਹੋਣ ਕਰਕੇ 'ਭਾਈ' ਪਦ ਨਾਲ ਨਿਵਾਜਿਆ ਗਿਆ ਪਰ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਅੱਜ ਭਾਈ ਮਰਦਾਨੇ ਦੇ ਕਿਰਦਾਰ ਨੂੰ ਗੁਰੂ ਸਾਹਿਬ ਦੇ ਅਧਿਆਤਮਿਕ ਜੀਵਨ ਵਿੱਚ ਸਿਰਫ ਇਕ ਸਾਜਿੰਦੇ ਦੇ ਤੌਰ 'ਤੇ ਹੀ ਮਾਨਤਾ ਦਿੱਹਬ ਨੇ ਉਸ ਨੂੰ ਅਤੀ ਗਈ ਹੈ ਜਦਕਿ ਗੁਰੂ ਸਾਪਿਣਾ ਹੀ ਇਕ ਰੂਪ ਦੱਸਿਆ ਸੀ। ਉਸ ਦੀ ਅਧਿਆਤਮਿਕ ਬਿਰਤੀ/ਸ਼ਕਤੀ ਨੂੰ ਸਿੱਖ ਜਗਤ ਨੇ ਅਣਗੌਲਿਆਂ ਕੀਤਾ ਹੈ, ਜੋ ਇਕ ਵੱਡੀ ਕੁਤਾਹੀ ਹੈ।

ਇਹ ਲੇਖ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੇ ਮੈਗਜ਼ੀਨ 'ਸੀਸ ਗੰਜ' ਦੇ ਅਪ੍ਰੈਲ 2023 ਅੰਕ ਵਿਚ ਚਿੱਤਰਾਂ ਸਹਿਤ ਛਪਿਆ ਹੈ। ਪਾਠਕ ਉਸਨੂੰ ਪੜ੍ਹ ਕੇ ਵੀ ਲਾਭ ਲੈ ਸਕਦੇ ਹਨ।

09810602915

Address: Pent House No. 1103, Tower C-2, 11th Floor,

Shipra Krishna Vista, Indrapuram, Ghaziabad-201014

# ਬਾਬੇ ਤਾਰੇ ਚਾਰਿ ਚਕਿ

**ਪ੍ਰੋ. ਨਵ ਸੰਗੀਤ ਸਿੰਘ**

ਰੀਵਿਊ ਅਧੀਨ ਕਿਤਾਬ (ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ : 703, ਮੁੱਲ : 895/- ਰੁਪਏ) ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ/ ਸੰਸਾਰ ਭ੍ਰਮਣ ਨਾਲ ਸੰਬੰਧਿਤ ਹੈ। ਕਿਤਾਬ ਦੇ ਲੇਖਕ ਜਗਦੀਸ਼ ਸਿੰਘ ਢਿੱਲੋਂ ਨੇ 1963 ਤੋਂ 1970 ਤੱਕ ਫ਼ੌਜ ਦੀ ਨੌਕਰੀ ਕੀਤੀ। ਇਸ ਦੌਰਾਨ ਉਹਨੂੰ ਭਾਈ ਵੀਰ ਸਿੰਘ ਦੀ ਪੁਸਤਕ 'ਗੁਰੂ ਨਾਨਕ ਚਮਤਕਾਰ' ਪੜ੍ਹਨ ਦਾ ਮੌਕਾ ਮਿਲਿਆ, ਜਿਸ ਤੋਂ ਪ੍ਰਭਾਵਿਤ ਹੋ ਕੇ ਉਹਨੇ ਇਹ ਕਿਤਾਬ ਲਿਖਣ ਦਾ ਮਨ ਬਣਾਇਆ, ਜੋ ਲੇਖਕ ਦੀ 35 ਸਾਲ ਦੀ ਮਿਹਨਤ ਦਾ ਪ੍ਰਤਿਫਲ ਹੈ। ਇਹ ਕਿਤਾਬ ਉਹਨੇ ਰੁਕਨਦੀਨ ਨੂੰ ਸਮਰਪਿਤ ਕੀਤੀ ਹੈ, ਜਿਸਨੂੰ ਲੇਖਕ ਸਿੱਖ ਧਰਮ ਦਾ ਪਹਿਲਾ ਸ਼ਹੀਦ ਮੰਨਦਾ ਹੈ। ਇਸਨੇ ਗੁਰੂ ਜੀ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ ਸੀ।

ਇਸ ਕਿਤਾਬ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਹਿਲੇ ਭਾਗ (ਪੰਨੇ 3-14) ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਧਾਰਮਕ, ਸਮਾਜਕ, ਰਾਜਨੀਤਕ, ਆਰਥਕ ਆਦਿ ਦਸ਼ਾ ਦਾ ਵਰਣਨ (7 ਕਾਂਡ) ਹੈ, ਜਦਕਿ ਦੂਜੇ ਭਾਗ (13 ਕਾਂਡ, ਪੰਨੇ 15-703) ਅਧੀਨ ਗੁਰੂ ਜੀ ਦੀਆਂ ਚਾਰ ਉਦਾਸੀਆਂ ਅਤੇ ਕੁਝ ਹੋਰ ਥਾਂਵਾਂ ਦੇ ਭ੍ਰਮਣ ਦਾ ਜ਼ਿਕਰ ਹੈ। ਪੁਸਤਕ ਵਿੱਚ ਗੁਰੂ ਜੀ ਦੇ ਖਾਨਦਾਨੀ ਪਿਛੋਕੜ, ਨਨਕਾਣਾ ਸਾਹਿਬ ਦੇ ਪਿਛੋਕੜ ਅਤੇ ਪੰਜਾਬ ਦੀਆਂ ਬਾਰਾਂ (ਸਾਂਦਲ ਬਾਰ, ਕਿਰਾਨਾ ਬਾਰ, ਨੀਲੀ ਬਾਰ, ਗੰਜੀ ਬਾਰ) ਬਾਰੇ ਵੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ।

ਲੇਖਕ ਮੁਤਾਬਕ ਗੁਰੂ ਜੀ ਨੇ ਕਰੀਬ 78 ਦੇਸ਼ਾਂ ਦੀ ਯਾਤਰਾ ਕੀਤੀ। ਇਸਦਾ ਵੇਰਵਾ ਕਿਤਾਬ ਦੇ ਪੰਨਾ 1-2 ਤੇ ਪ੍ਰਾਪਤ ਹੁੰਦਾ ਹੈ। ਲੇਖਕ ਵੱਲੋਂ ਇਸ ਕਿਤਾਬ ਵਿੱਚ ਥਾਂਵਾਂ ਦਾ ਕ੍ਰਮਾਂਕ ਲਿਖਦਿਆਂ ਇਹ ਗਿਣਤੀ 1-1405 (ਪੰਨੇ 15-702) ਲਿਖੀ ਗਈ ਹੈ। ਗੁਰੂ ਜੀ ਦੀ ਪਹਿਲੀ ਉਦਾਸੀ 13 ਦੇਸ਼ਾਂ ਦੀ, ਦੂਜੀ ਸ਼੍ਰੀਲੰਕਾ ਦੀ, ਤੀਜੀ 6 ਦੇਸ਼ਾਂ ਦੀ ਅਤੇ ਚੌਥੀ (ਸਭ ਤੋਂ ਲੰਮੀ) 59 ਦੇਸ਼ਾਂ ਦੀ ਸੀ। ਪਹਿਲੀ ਉਦਾਸੀ ਦਾ ਸਮਾਂ 1497-1509 ਈ. (ਪੂਰਬ ਦਿਸ਼ਾ), ਦੂਜੀ ਦਾ 1511-1513 ਈ. (ਦੱਖਣੀ ਭਾਰਤ ਤੇ ਸ਼੍ਰੀਲੰਕਾ), ਤੀਜੀ ਦਾ 1515-1517 ਈ. (ਉੱਤਰ ਦਿਸ਼ਾ), ਅਤੇ ਚੌਥੀ ਦਾ 1518-1521 ਈ. ਹੈ। ਇਨ੍ਹਾਂ ਵਿਚਲੇ ਅਤੇ ਪਿੱਛੋਂ ਦੇ ਸਮਿਆਂ/ਸਾਲਾਂ ਵਿੱਚ ਗੁਰੂ ਜੀ ਨੇ ਪੰਜਾਬ, ਹਿਮਾਚਲ, ਉੱਤਰਾਖੰਡ, ਅਫ਼ਗਾਨਿਸਤਾਨ, ਬਲੋਚਿਸਤਾਨ, ਈਰਾਨ, ਖੁੱਰਮ, ਮੁਲਤਾਨ ਆਦਿ ਥਾਂਵਾਂ ਤੇ ਜਾ ਕੇ ਭੁੱਲੀ-ਭਟਕੀ ਲੋਕਾਈ ਨੂੰ ਸਿੱਧੇ ਰਸਤੇ ਪਾਇਆ।

ਗੁਰੂ ਜੀ ਦੀਆਂ ਉਦਾਸੀਆਂ ਦਾ ਕੁੱਲ ਸਮਾਂ 1497-1521 ਈ. ਹੈ, ਜੋ ਕਰੀਬ 24 ਸਾਲ ਹੈ ਅਤੇ ਇਹ 39,000 ਮੀਲ ਦਾ ਸਫ਼ਰ ਹੈ। ਹਰ ਉਦਾਸੀ/ ਫੇਰੀ ਦੇ ਆਰੰਭ ਵਿੱਚ ਲੇਖਕ ਨੇ ਗੁਰੂ ਜੀ ਦੇ ਨਾਲ ਗਏ ਸਾਥੀਆਂ, ਦਿਸ਼ਾ ਅਤੇ ਪਹਿਰਾਵੇ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਹੈ। ਜਿਵੇਂ ਪਹਿਲੀ ਉਦਾਸੀ ਵਿੱਚ ਉਨ੍ਹਾਂ ਦੇ ਸਾਥੀ ਭਾਈ ਮਰਦਾਨਾ ਤੇ ਭਾਈ ਬਾਲਾ ਸਨ (ਪੰਨਾ 42); ਦੂਜੀ ਵਿੱਚ ਭਾਈ ਮਰਦਾਨਾ, ਬਾਲਾ ਸਮੇਤ ਭਾਈ ਸੈਦੋ ਤੇ ਭਾਈ ਸੀਹਾਂ (ਪੰਨਾ 199); ਤੀਜੀ ਵਿੱਚ ਭਾਈ ਮਰਦਾਨਾ, ਬਾਲਾ, ਸੀਹਾਂ ਸਮੇਤ ਭਾਈ ਹੱਸੂ (ਪੰਨਾ 325); ਚੌਥੀ ਵਿੱਚ ਵੀ ਤੀਜੀ ਵਾਲੇ ਹੀ ਸਾਥੀਆਂ ਦਾ ਜ਼ਿਕਰ ਹੈ (ਪੰਨਾ 434)।

ਪਹਿਲਾ ਯਤਨ ਹੋਣ ਕਰਕੇ ਨਿੱਕੀਆਂ-ਮੋਟੀਆਂ ਉਕਾਈਆਂ ਰਹਿ ਗਈਆਂ ਹਨ, ਜਿਵੇਂ ਕਿ ਤਤਕਰਾ (13 ਕਾਂਡਾਂ) ਦੇ ਪੰਨਾ ਨੰ. ਸਹੀ ਨਹੀਂ ਲਿਖੇ ਗਏ। ਇਹ ਕ੍ਰਮਵਾਰ 42-181, 118-198, 199-312, 313-324, 325-417, 418-433, 434-615,616-627, 628-658, 659-688, 689-698, 699-702 ਹੋਣੇ ਚਾਹੀਦੇ ਸਨ। ਇਸੇ ਪ੍ਰਕਾਰ ਕੁਝ ਸ਼ਬਦਜੋੜਾਂ ਦੀਆਂ

ਗਲਤੀਆਂ ਹਨ, ਜਿਵੇਂ ਕਿ ਝਰਨਾਹਟ (15), ਭੋਰਾ (29), ਕੀਰਤਨ (702) ਆਦਿ। ਗੁਰਬਾਣੀ ਵਿੱਚ ਕਿਸੇ ਅੱਖਰ ਤੇ ਅਧਕ ਦੀ ਮਾਤਰਾ ਨਹੀਂ ਪੈਂਦੀ ਪਰ ਲੇਖਕ ਵੱਲੋਂ ਪਾ ਦਿੱਤੀ ਗਈ ਹੈ (ਮੁਕੱਦਮ, ਸੁੱਤੇ, ਵੱਢੀ, ਹੱਕ, ਪੰਨਾ 4)

ਮੇਰੇ ਕੁਝ ਸੁਝਾਅ ਹਨ ਕਿ ਲੇਖਕ ਨੂੰ ਅਗਲੀ ਐਡੀਸ਼ਨ ਵਿੱਚ :

(1) ਦੋ ਅੰਤਿਕਾਵਾਂ ਵੀ ਸ਼ਾਮਲ ਕਰਨੀਆਂ ਚਾਹੀਦੀਆਂ ਹਨ। ਪਹਿਲੀ ਦੇ ਅੰਤਰਗਤ ਸਾਰੀਆਂ
ਥਾਂਵਾਂ/ਸ਼ਹਿਰਾਂ/ਨਗਰਾਂ; ਅਤੇ ਦੂਜੀ ਦੇ ਅੰਤਰਗਤ ਵੱਖ-ਵੱਖ ਵਿਅਕਤੀਆਂ ਦੇ ਨਾਂਵਾਂ ਨੂੰ ੳ, ਅ, ੲ ਕ੍ਰਮ ਅਨੁਸਾਰ ਲਿਖਣਾ ਚਾਹੀਦਾ ਹੈ, ਤਾਂ ਜੋ ਪਾਠਕ ਆਪਣੇ ਇੱਛਤ ਥਾਂ/ਵਿਅਕਤੀ ਬਾਰੇ ਜਾਣਕਾਰੀ ਹਾਸਲ ਕਰ ਸਕੇ।

(2) ਪੁਸਤਕ ਦੇ ਅੰਤ ਵਿੱਚ ਦਿੱਤੇ ਹਵਾਲਿਆਂ (ਪੰਨਾ 703) ਨੂੰ ਸ਼੍ਰੇਣੀ ਮੁਤਾਬਕ (ਕਿਤਾਬਾਂ, ਮੈਗਜ਼ੀਨ, ਅਖ਼ਬਾਰ, ਪੈਂਫ਼ਲਿਟ ਆਦਿ) ਅਤੇ ਸੰਬੰਧਿਤ ਥਾਂ ਤੇ ਹੀ ਫੁੱਟਨੋਟ ਵਿੱਚ ਲਿਖਿਆ ਜਾਂਦਾ ਤਾਂ ਉਚਿਤ ਹੋਣਾ ਸੀ। ਇਨ੍ਹਾਂ ਹਵਾਲਿਆਂ ਵਿੱਚ ਪ੍ਰਕਾਸ਼ਕ ਦਾ ਨਾਂ ਹੋਣਾ ਵੀ ਜ਼ਰੂਰੀ ਹੈ।

(3) ਪੁਸਤਕ ਦੇ ਨਾਂ ਨੂੰ ਰੇਖਾਂਕਿਤ ਕਰਦੀ ਭਾਈ ਗੁਰਦਾਸ ਦੀ ਵਾਰ ਵਿੱਚੋਂ ਪੂਰੀ ਪਉੜੀ (ਸਤਿਗੁਰ ਨਾਨਕ ਪ੍ਰਗਟਿਆ...) ਵੀ ਸ਼ੁਰੂ ਵਿੱਚ ਪ੍ਰਕਾਸ਼ਿਤ ਕਰ ਦਿੱਤੀ ਜਾਂਦੀ ਤਾਂ ਸੋਨੇ ਤੇ ਸੁਹਾਗਾ ਹੁੰਦਾ।

(4) ਗੁਰੂ ਜੀ ਦੀਆਂ ਉਦਾਸੀਆਂ ਦਾ ਜੋ ਨਕਸ਼ਾ ਸਿੱਖ ਅਜਾਇਬਘਰ (ਐਸਜੀਪੀਸੀ) ਵਿੱਚ ਮੌਜੂਦ ਹੈ, ਉਹਦੀ ਫੋਟੋ ਵੀ ਦੇ ਦੇਣੀ ਚਾਹੀਦੀ ਹੈ।

ਲੇਖਕ ਨੇ ਬੜੇ ਸੁਚੇਤ ਪੱਧਰ ਤੇ ਪੁਸਤਕ ਦੀ ਰਚਨਾ ਕੀਤੀ ਹੈ, ਜਿਸ ਵਿੱਚ ਗੁਰੂ ਜੀ ਦੇ ਚਰਨ-ਛੋਹ ਪ੍ਰਾਪਤ ਸਥਾਨਾਂ ਦੇ ਨਾਲ ਇਹ ਵੀ ਸਪਸ਼ਟ ਕੀਤਾ ਹੈ ਕਿ ਉੱਥੇ ਵਾਪਰੀ ਕੋਈ ਖਾਸ ਘਟਨਾ/ਨਿਸ਼ਾਨੀ ਦਾ ਉੱਲੇਖ ਮਿਲਦਾ ਹੈ ਜਾਂ ਨਹੀਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਕਿਤਾਬ ਮਿਹਨਤ , ਲਗਨ, ਸ਼ਰਧਾ ਤੇ ਵਿਸ਼ਵਾਸ ਨਾਲ ਲਿਖੀ ਗਈ ਹੈ। ਮੇਰੀ ਜਾਚੇ ਇਹ ਇੱਕ ਰੈਫਰੈਂਸ ਬੁੱਕ (ਹਵਾਲਾ ਕਿਤਾਬ) ਦਾ ਦਰਜਾ ਰੱਖਦੀ ਹੈ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ/ਖੋਜ ਵਿਦਿਆਰਥੀ ਨਿਸਚਿਤ ਸੇਧ ਪ੍ਰਾਪਤ ਕਰ ਸਕਦੇ ਹਨ।

ਗੁਰੂ ਜੀ ਦੀਆਂ ਉਦਾਸੀਆਂ ਬਾਰੇ ਇੱਕ ਦੁਰਲੱਭ ਕਿਤਾਬ ਵਜੋਂ ਮੈਂ ਇਸਦਾ ਸਵਾਗਤ ਕਰਦਾ ਹਾਂ ਤੇ ਲੇਖਕ ਨੂੰ ਅਜਿਹੀ ਪੁਸਤਕ ਲਿਖਣ ਤੇ ਮੁਬਾਰਕ ਦਿੰਦਾ ਹਾਂ।

*****

# ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015.

## ਲੀਲਾ

ਮਨਮੋਹਨ ਸਿੰਘ ਦਾਊਂ

ਨਿੱਕੇ ਤੋਂ ਵੱਡਾ ਹੁੰਦਿਆਂ
ਇਹੋ ਸਿੱਖਿਆ
ਕੀ ਪੜ੍ਹਨਾ ਤੇ ਕਿੱਦਾਂ ਪੜ੍ਹਨਾ
ਤੇ ਕਿੰਝ ਹੈ ਲਿਖਣਾ।

ਮੇਰੀ ਮੁੱਠੀ ਦੇ ਵਿੱਚ
ਇੱਕ ਸ਼ਬਦ
ਬੀਜ ਦੇ ਵਰਗਾ
ਜਿਸ ਦੀ ਕਾਇਆ ਅੰਦਰ
ਪੂਰਾ ਬਿਰਖ ਹੈ ਸੁੱਤਾ
ਉਪਜਣ -ਵਿਗਸਣ ਦੇ ਲਈ ਲੋਚੇ।

ਇਹ ਬੂੰਦ ਜੋ ਨਿੱਕੜੀ
ਆਪਣੀ ਹੋਂਦ ਜਤਾਉਂਦੀ
ਇਸ ਨੇ----
ਤੱਪਣਾ, ਵਰ੍ਹਨਾ ਸਿੱਖਿਆ।

ਮਿੱਟੀ ਦੀ ਇੱਕ ਚੁਟਕੀ
ਸਗਲ ਧਰਤ ਦਾ ਹਿੱਸਾ
ਭੁੱਖ ਮਿਟਾਵਣ ਦੇ ਲਈ ਕਾਫੀ।

ਇਹ ਜੋ ਸਾਗਰ ਠਾਠਾਂ ਮਾਰੇ
ਸੱਚ ਹੈ------
ਕੁਦਰਤ ਨਚੋੜਿਆ ਹੋਇਆ ਬੱਦਲ।

ਟਹਿਣੀ ’ਤੇ ਜੋ
ਸਾਵਾ ਪੱਤਾ ਝੂਮੇ
ਬਲਿਹਾਰੀ ਦੀ ਮਹਿਮਾ ਗਾਉਂਦਾ
ਪੌਣਾਂ ਸੁੱਚੀਆਂ ਕਰ ਕੇ ਹੱਸਦਾ।

ਪ੍ਰਭ ਦੀ ਲੀਲਾ--
ਅਗਮ-ਅਗੋਚਰ ਰਾਗ ਅਲਾਪੇ
ਕੰਨ ਲਾ ਕੇ ਤੂੰ ਸੁਣ ਤਾਂ ਬੰਦਿਆ !!

**M- 9815123900**

# ਨਾਨਕ ਦਾ ਆਗਮਨ

**ਮਨਮੋਹਨ ਸਿੰਘ ਦਾਊਂ**

ਹੁਣ ਚਾਨਣ ਧਰਤ ’ਤੇ ਨਹੀਂ
ਲੋਕਾਈ ਦੇ ਦਿਲਾਂ ਨੂੰ ਉਜਵਲ ਕਰੇਗਾ।

ਪਾਣੀਆਂ ਨੂੰ ਹਾਕ ਦੀ ਤ੍ਰੇਹ ਸੀ ਲੱਗੀ
ਮਾਰੂਥਲਾਂ ਨੂੰ ਸੋਕਾ ਕਹਿਣ ਲੱਗਾ
ਕੋਈ ਸਵਾਂਤ ਬੂੰਦ---
ਮਿਲ ਜਾਵੇ ਤਾਂ ਚੰਗਾ।
ਪਰਬਤਾਂ ਦੀ ਕਠੋਰ ਬਿਰਤੀ ’ਚੋਂ
ਹੰਕਾਰ ਕਿੰਝ ਲੁਪਤੇ
ਇਹ ਕ੍ਰਿਸ਼ਮੇ ਜਿਹਾ ਵਰਤਾਰਾ
‘ਕੌਣ’ਕਰਦਾ---
ਜੋ ਨਿਮਰ ਬਣ ਨੀਰ ਬਣ ਜਾਵੇ।

ਵੱਡਾ ਦਿਨ ਚੜ੍ਹਿਆ
ਮੁਬਾਰਕਾਂ ਨੇ ਇਤਿਹਾਸ ਦੇ ਪੰਨਿਆਂ ‘ਤੇ
ਨਾਨਕ ਸ਼ਬਦ ਲਿਖ ਦਿੱਤਾ।
ਜਗਤ ਗੁਰੂ ਦਾ ਆਗਮਨ ਹੋਇਆ

ਸ਼ਬਦ, ਰਬਾਬ ਤੇ ਰਾਗ ਦੀ
ਗੂੰਜ ਨੇ ਕੂੜ ਦੂਰ ਕੀਤਾ
ਸੱਚ ਦਾ ਸੂਰਜ ਉਦੈ ਹੋਇਆ
ਮਨੁੱਖ ਦੀ ਹੋਣੀ ਨੂੰ ਸੋਝੀ ਦੇਣ ਲਈ---।।

**M- 9815123900**

RNI Regd. No. 46788/89 ISSN 0972-2335

www.alpoverseas.com

ALP OVERSEAS

# EPDM MAT
*For Life*


Anti-fungal, Anti-microbial & Non Toxic

UV Resistant


Excellent Floor Grip Property

Long Life






## OUR OTHER PRODUCTS




**Corporate Office:** #32, Sector-18 HUDA, Gurgaon, Haryana - 122015
+91-124-4731500 marketing@alpoverseas.com

MAKE IN INDIA

आत्मनिर्भर भारत